Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 193 Wednesday, October 07, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਰੈਪਿਡ ਐਂਟੀਜਨ ਟੈਸਟਸ ਲਈ 20 ਮਿਲੀਅਨ ਕਿੱਟਸ ਖਰੀਦੇਗਾ ਕੈਨੇਡਾ



ਓਟਵਾ, 6 ਅਕਤੂਬਰ (ਪੋਸਟ ਬਿਊਰੋ) : ਪ੍ਰੋਕਿਓਰਮੈਂਟ ਮੰਤਰੀ ਅਨੀਤਾ ਆਨੰਦ ਨੇ ਦੱਸਿਆ ਕਿ ਕੈਨੇਡਾ ਹੈਲਥ ਕੈਨੇਡਾ ਵੱਲੋਂ ਮਨਜ਼ੂਰਸ਼ੁਦਾ ਕੋਵਿਡ-19 ਸਬੰਧੀ ਰੈਪਿਡ ਐਂਟੀਜਨ ਟੈਸਟਸ ਲਈ 20 ਮਿਲੀਅਨ ਕਿੱਟਸ ਖਰੀਦ ਰਿਹਾ ਹੈ।
ਜਰਮਨੀ ਦੀ ਐਬੌਟ ਰੈਪਿਡ ਡਾਇਗਨੌਸਟਿਕ ਕੰਪਨੀ ਨੂੰ ਅੱਜ ਸਵੇਰੇ ਹੈਲਥ ਕੈਨੇਡਾ ਵੱਲੋਂ ਆਪਣੇ ਪੈਨਬੀਓ ਐਂਟੀਜਨ ਰੈਪਿਡ ਟੈਸਟ ਵੇਚਣ ਲਈ ਹਰੀ ਝੰਡੀ ਦੇ ਦਿੱਤੀ ਗਈ। ਕੈਨੇਡਾ ਵੱਲੋਂ ਐਬੌਟ ਦੇ ਨਾਲ ਇੱਕ ਸਮਝੌਤਾ ਵੀ ਕੀਤਾ ਗਿਆ ਹੈ ਜਿਸ ਤਹਿਤ ਕੰਪਨੀ 20.5 ਮਿਲੀਅਨ ਟੈਸਟ ਡਿਵਾਇਸਿਜ਼ ਕੈਨੇਡਾ ਨੂੰ ਭੇਜੇਗੀ।
ਐਬੌਟ ਡਾਇਗਨੌਸਟਿਕਸ ਵੱਲੋਂ ਅਮਰੀਕਾ ਵਿੱਚ ਕੀਤੇ ਜਾ ਰਹੇ ਇੱਕ ਹੋਰ ਰੈਪਿਡ ਟੈਸਟ ਨੂੰ ਹੈਲਥ ਕੈਨੇਡਾ ਵੱਲੋਂ ਮਨਜ਼ੂਰੀ ਦਿੱਤੇ ਜਾਣ ਤੋਂ ਇੱਕ ਹਫਤੇ ਬਾਅਦ ਇਹ ਫੈਸਲਾ ਲਿਆ ਗਿਆ। ਉਸ ਟੈਸਟ ਨੂੰ ਆਈ ਡੀ ਨਾਓ ਕਿੱਟ ਆਖਿਆ ਜਾਂਦਾ ਹੈ ਤੇ ਇਸ ਤਹਿਤ ਨਤੀਜਾ ਪੇਸ਼ੈਂਟ ਦੀ ਜਾਂਚ ਕੀਤੇ ਜਾਣ ਦੇ 13 ਮਿੰਟ ਦੇ ਅੰਦਰ ਅੰਦਰ ਆ ਜਾਂਦਾ ਹੈ।
ਐਂਟੀਜਨ ਟੈਸਟ ਤਹਿਤ ਨਤੀਜਾ 15 ਮਿੰਟਾਂ ਤੋਂ ਵੀ ਘੱਟ ਸਮੇਂ ਵਿੱਚ ਆ ਜਾਂਦਾ ਹੈ। ਐਂਟੀਜਨ ਅਜਿਹੇ ਮੌਲੀਕਿਊਲਜ਼ ਹੁੰਦੇ ਹਨ ਜਿਹੜੇ ਕਿਸੇ ਖਾਸ ਵਾਇਰਸ ਦੇ ਬਾਹਰਵਾਰ ਪਾਏ ਜਾਂਦੇ ਹਨ। ਕੈਨੇਡਾ ਵੱਲੋਂ ਇਸ ਸਮੇਂ 7.9 ਮਿਲੀਅਨ ਆਈ ਡੀ ਨਾਓ ਟੈਸਟਸ ਵੀ ਖਰੀਦੇ ਜਾ ਰਹੇ ਹਨ।

## ਟਰੰਪ ਦੇ ਵਾਪਸ ਆਉਣ ਨਾਲ ਵਾਈਟ ਹਾਊਸ ਦੇ ਸਟਾਫ ਮੈਂਬਰਾਂ ਦੇ ਸਾਹ ਸੂਤੇ

*ਵਾਇਰਸ ਹੋਣ ਦਾ ਡਰ ਲੱਗਿਆ ਸਤਾਉਣ



ਵਾਸ਼ਿੰਗਟਨ, 6 ਅਕਤੂਬਰ (ਪੋਸਟ ਬਿਊਰੋ) : ਵਾਈਟ ਹਾਊਸ ਦੇ ਸਟਾਫ ਮੈਂਬਰਾਂ ਨੂੰ ਹੁਣ ਕੋਵਿਡ-19 ਵਾਇਰਸ ਤੋਂ ਐਕਸਪੋਜ਼ਰ ਦਾ ਡਰ ਸਤਾਉਣ ਲੱਗਿਆ ਹੈ। ਹੁਣ ਵਾਈਟ ਹਾਊਸ ਇੱਕ ਨਹੀਂ ਸਗੋਂ ਦੋ ਕੋਵਿਡ ਪੇਸ਼ੈਂਟਜ਼ ਲਈ ਟਰੀਟਮੈਂਟ ਵਾਰਡ ਬਣ ਚੁੱਕਿਆ ਹੈ। ਇਨ੍ਹਾਂ ਮਰੀਜ਼ਾਂ ਵਿੱਚੋਂ ਇੱਕ ਹਨ ਰਾਸ਼ਟਰਪਤੀ ਟਰੰਪ, ਜੋ ਕਿ ਇਸ ਵਾਇਰਸ ਦੇ ਖਤਰੇ ਨੂੰ ਬਹੁਤ ਹਲਕੇ ਵਿੱਚ ਲੈ ਰਹੇ ਹਨ।
ਬਿਮਾਰ ਰਹਿੰਦਿਆਂ ਹੀ ਮਿਲਟਰੀ ਹਸਪਤਾਲ ਤੋਂ ਘਰ ਪਰਤਣ ਦੇ ਟਰੰਪ ਦੇ ਫੈਸਲੇ ਕਾਰਨ ਉਨ੍ਹਾਂ ਦੇ ਆਲੇ ਦੁਆਲੇ ਰਹਿਣ ਵਾਲੇ ਲੋਕਾਂ ਦੇ ਵਾਇਰਸ ਤੋਂ ਐਕਸਪੋਜ਼ ਹੋਣ ਦਾ ਖਤਰਾ ਵੱਧ ਗਿਆ ਹੈ। ਇਹ ਖਤਰਾ ਉਸ ਹਾਲ ਵਿੱਚ ਹੋਰ ਜ਼ਿਆਦਾ ਹੋਵੇਗਾ ਜੇ ਟਰੰਪ ਆਈਸੋਲੇਸ਼ਨ ਸਬੰਧੀ ਸਖ਼ਤ ਪ੍ਰੋਟੋਕਾਲਜ਼ ਦੀ ਪਾਲਣਾ ਨਹੀਂ ਕਰਨਗੇ।
ਮਹਾਂਮਾਰੀ ਦੌਰਾਨ ਵਾਈਟ ਹਾਊਸ ਦੇ ਰਖਵਾਲਿਆਂ, ਮੁਲਾਕਾਤ ਕਰਵਾਉਣ ਵਾਲਿਆਂ, ਰਸੋਈ ਦੇ ਅਮਲੇ ਤੇ ਅਮਰੀਕਾ ਦੀ ਸੀਕ੍ਰੇਟ ਸਰਵਿਸ ਦੇ ਮੈਂਬਰਾਂ ਨੂੰ ਲਗਾਤਾਰ ਕੰਮ ਉੱਤੇ ਆਉਣਾ ਪਿਆ। ਹੁਣ ਵਾਈਟ ਹਾਊਸ ਕਰੋਨਾਵਾਇਰਸ ਦਾ ਹੌਟ ਸਪੌਟ ਬਣ ਚੁੱਕਿਆ ਹੈ, ਇੱਥੇ ਇਸ ਹਫਤੇ ਦੇ ਅੰਦਰ ਅੰਦਰ ਦਰਜਨਾਂ ਮਾਮਲੇ ਸਾਹਮਣੇ ਆ ਚੁੱਕੇ ਹਨ।
ਟਰੰਪ, ਜੋ ਅਜੇ ਵੀ ਸੰਕ੍ਰਮਿਤ ਹਨ, ਨੇ ਸਪਸ਼ਟ ਕੀਤਾ ਕਿ ਉਹ ਸ਼ਾਇਦ ਹੀ ਅੰਦਰ ਰਹਿਣ ਦੇ ਨਿਯਮਾਂ ਦਾ ਪਾਲਣ ਕਰਨਗੇ। ਇਸ ਤੋਂ ਕੁੱਝ ਸਮੇਂ ਬਾਅਦ ਹੀ ਉਹ ਵਾਈਟ ਹਾਊਸ ਵਿੱਚ ਕਈ ਲੋਕਾਂ ਨਾਲ ਘਿਰੇ ਨਜ਼ਰ ਆਏ, ਇੱਕ ਵੀਡੀਓ ਮੈਸੇਜ ਵਿੱਚ ਉਹ ਇੱਕ ਵਾਰੀ ਮੁੜ ਇਹ ਕਹਿੰਦੇ ਸੁਣੇ ਗਏ ਕਿ ਇਸ ਵਾਇਰਸ, ਜਿਸ ਕਾਰਨ ਅਮਰੀਕਾ ਵਿੱਚ 210,000 ਤੇ ਦੁਨੀਆਂ ਭਰ ਵਿੱਚ ਇੱਕ ਮਿਲੀਅਨ ਲੋਕਾਂ ਦੀਆਂ ਜਾਨਾਂ ਜਾ ਚੁੱਕੀਆਂ ਹਨ, ਤੋਂ ਡਰਨ ਦੀ ਕੋਈ ਲੋੜ ਨਹੀਂ ਹੈ।
ਇਸ ਦੌਰਾਨ ਵਾਈਟ ਹਾਊਸ ਦੇ ਬੁਲਾਰੇ ਜੱਡ ਡੀਰ ਨੇ ਆਖਿਆ ਕਿ ਵਾਈਟ ਹਾਊਸ ਵੱਲੋਂ ਨਾ ਸਿਰਫ ਟਰੰਪ ਪਰਿਵਾਰ ਦੀ ਹੀ ਸਗੋਂ ਕਾਂਪਲੈਕਸ ਅੰਦਰ ਕੰਮ ਕਰਨ ਵਾਲੇ ਹਰੇਕ ਸਟਾਫ ਮੈਂਬਰ ਦੀ ਹਿਫਾਜ਼ਤ ਲਈ ਹਰ ਉਚੇਚਾ ਕਦਮ ਚੁੱਕਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਰਾਸ਼ਟਰਪਤੀ ਦਾ ਤੁਰਨਾ ਫਿਰਨਾ ਸੀਮਤ ਕੀਤਾ ਗਿਆ ਹੈ ਤੇ ਉਨ੍ਹਾਂ ਦੇ ਨੇੜੇ ਰਹਿਣ ਵਾਲੇ ਵੀ ਢੁਕਵੇਂ ਪ੍ਰੋਟੈਕਟਿਵ ਗੀਅਰ ਪਾਉਂਦੇ ਹਨ। ਪਰ ਦੂਜੇ ਪਾਸੇ ਸਟਾਫ ਦਾ ਸਾਹ ਇਸ ਲਈ ਸੂਤਿਆ ਪਿਆ ਹੈ ਕਿ ਹੁਣ ਵਾਇਰਸ ਕਿਸੇ ਵੀ ਵੇਲੇ ਉਨ੍ਹਾਂ ਨੂੰ ਹੋ ਸਕਦਾ ਹੈ।

## ਫੋਰਡ ਸਰਕਾਰ ਵੱਲੋਂ ਥੈਂਕਸਗਿਵਿੰਗ ਲਈ ਸਥਿਤੀ ਸਪਸ਼ਟ ਨਾ ਹੋਣ ਕਾਰਨ ਲੋਕ ਭੰਬਲਭੂਸੇ ਵਿੱਚ



ਓਨਟਾਰੀਓ, 6 ਅਕਤੂਬਰ (ਪੋਸਟ ਬਿਊਰੋ) : ਥੈਂਕਸਗਿਵਿੰਗ ਦੇ ਮਾਹੌਲ ਵਿੱਚ, ਜਿਸ ਸਮੇਂ ਲੋਕ ਇੱਕਠੇ ਹੋ ਕੇ ਪਾਰਟੀ ਕਰਨ ਦੀ ਯੋਜਨਾ ਬਣਾ ਰਹੇ ਹਨ, ਅਜਿਹੇ ਵਿੱਚ ਫੋਰਡ ਸਰਕਾਰ ਵੱਲੋਂ ਸਥਿਤੀ ਸਪਸ਼ਟ ਨਾ ਕੀਤੇ ਜਾਣ ਕਾਰਨ ਅਜੀਬ ਭੰਬਲਭੂਸਾ ਪੈਦਾ ਹੋ ਗਿਆ ਹੈ।
ਪ੍ਰੀਮੀਅਰ ਡੱਗ ਫੋਰਡ ਤੋਂ ਇਹ ਸਪਸ਼ਟ ਕਰਨ ਦੀ ਮੰਗ ਕੀਤੀ ਜਾ ਰਹੀ ਹੈ ਕਿ ਇਹ ਦੱਸਿਆ ਜਾਵੇ ਕਿ ਪਰਿਵਾਰਕ ਇੱਕਠ ਕਿੰਨੇ ਵੱਡੇ ਹੋ ਸਕਦੇ ਹਨ। ਇਹ ਭੰਬਲਭੂਸਾ ਉਸ ਸਮੇਂ ਪੈਦਾ ਹੋਇਆ ਜਦੋਂ ਓਨਟਾਰੀਓ ਦੀ ਐਸੋਸਿਏਟ ਮੈਡੀਕਲ ਆਫੀਸਰ ਆਫ ਹੈਲਥ ਬਾਰਬਰਾ ਯੈਫ ਨੇ ਇਹ ਸਲਾਹ ਦਿੱਤੀ ਕਿ ਨਿਜੀ ਤੌਰ ਉੱਤੇ ਛੁੱਟੀਆਂ ਦਾ ਆਨੰਦ ਮਾਨਣ ਵਾਲੇ ਲੋਕਾਂ ਨੂੰ ਆਪਣੇ ਨਿਜੀ ਦਾਇਰਿਆਂ ਵਿੱਚ ਹੀ ਰਹਿਣਾ ਚਾਹੀਦਾ ਹੈ।
ਇਸ ਉੱਤੇ ਫੋਰਡ ਨੇ ਆਖਿਆ ਕਿ ਨਿਯਮ ਬਹੁਤ ਹੀ ਸਪਸ਼ਟ ਹਨ ਕਿ ਜਦੋਂ ਤੁਸੀਂ ਕਿਸੇ ਰੈਸਟੋਰੈਂਟ ਵਿੱਚ ਜਾਂਦੇ ਹੋ ਤਾਂ ਇੱਕ ਟੇਬਲ ਉੱਤੇ ਛੇ ਵਿਅਕਤੀਆਂ ਨੂੰ ਹੀ ਬਿਠਾਇਆ ਜਾਂਦਾ ਹੈ, ਉਨ੍ਹਾਂ ਕੋਲ ਡਿਵਾਈਡਰਜ਼ ਤੇ ਪ੍ਰੋਟੋਕਾਲਜ਼ ਹਨ। ਬਹੁਤੇ ਲੋਕਾਂ ਨੂੰ ਤੁਸੀਂ ਜਾਣਦੇ ਨਹੀਂ ਹੁੰਦੇ ਪਰ ਪਰਿਵਾਰ ਦੇ ਜੀਆਂ ਨੂੰ ਤੁਸੀਂ ਜਾਣਦੇ ਹੋਂ। ਇਹੋ ਫਰਕ ਹੈ। ਨਿਯਮ ਇਹ ਹਨ ਕਿ 10 ਵਿਅਕਤੀਆਂ ਦੀ ਇੰਡੋਰਜ਼ ਲਈ ਤੇ 25 ਵਿਅਕਤੀਆਂ ਦੀ ਆਊਟਡੋਰਜ਼ ਲਈ ਇਜਾਜ਼ਤ ਹੈ।
ਫੋਰਡ ਨੇ ਆਖਿਆ ਕਿ ਉਹ ਤਾਂ ਆਊਟਡੋਰਜ਼ ਲਈ ਵੀ 10 ਵਿਅਕਤੀਆਂ ਦੀ ਹੀ ਖੁੱਲ੍ਹ ਦੇਣ ਬਾਰੇ ਵਿਚਾਰ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਬਹੁਤਾ ਇੱਕਠ ਕਰਨ ਦੀ ਲੋੜ ਨਹੀਂ ਹੈ, ਇਸ ਲਈ ਆਪਣੇ ਘਰੇਲੂ ਮੈਂਬਰਾਂ ਨਾਲ ਹੀ ਇਹ ਛੁੱਟੀਆਂ ਮਨਾਈਆਂ ਜਾਣੀਆਂ ਚਾਹੀਦੀਆਂ ਹਨ।

## ਇਸ ਸਾਲ ਕੈਨੇਡੀਅਨਜ਼ ਵਰਚੂਅਲ ਥੈਂਕਸਗਿਵਿੰਗ ਬਾਰੇ ਹੀ ਵਿਚਾਰ ਕਰਨ : ਪੈਟੀ ਹਾਜ਼ਦੂ



ਓਟਵਾ, 6 ਅਕਤੂਬਰ (ਪੋਸਟ ਬਿਊਰੋ) : ਸਿਹਤ ਮੰਤਰੀ ਪੈਟੀ ਹਾਜ਼ਦੂ ਵੱਲੋਂ ਇਸ ਸਾਲ ਕੈਨੇਡੀਅਨਾਂ ਨੂੰ ਵਰਚੂਅਲ ਥੈਂਕਸਗਿਵਿੰਗ ਮਨਾਉਣ ਦੀ ਸਲਾਹ ਦਿੱਤੀ ਜਾ ਰਹੀ ਹੈ। ਕੋਵਿਡ-19 ਦੇ ਮਾਮਲਿਆਂ ਵਿੱਚ ਹੋ ਰਹੇ ਵਾਧੇ ਦੇ ਮੱਦੇਨਜ਼ਰ ਸਿਹਤ ਮੰਤਰੀ ਵੱਲੋਂ ਇਹ ਸਲਾਹ ਦਿੱਤੀ ਗਈ ਹੈ।
ਹਾਜ਼ਦੂ ਨੇ ਆਖਿਆ ਕਿ ਇਹ ਹਫਤਾ ਬਹੁਤ ਹੀ ਚੁਣੌਤੀਆਂ ਵਾਲਾ ਹੈ। ਇਸ ਦੌਰਾਨ ਬਹੁਤਾ ਜ਼ੋਰ ਵਰਚੂਅਲ ਡਿਨਰਜ਼ ਉੱਤੇ ਦਿੱਤਾ ਜਾਣਾ ਚਾਹੀਦਾ ਹੈ। ਹਾਲਾਂਕਿ ਇਹ ਨਿਜੀ ਤੌਰ ਉੱਤੇ ਇੱਕਠੇ ਹੋ ਕੇ ਜਸ਼ਨ ਮਨਾਉਣ ਨਾਲੋਂ ਘੱਟ ਅਪੀਲਿੰਗ ਹੈ ਪਰ ਇਸ ਨਾਲ ਕੋਵਿਡ-19 ਦੇ ਪਸਾਰ ਨੂੰ ਠੱਲ੍ਹ ਪਾਉਣ ਵਿੱਚ ਕਾਫੀ ਮਦਦ ਮਿਲੇਗੀ। ਇਸ ਵਾਰੀ ਆਪਣੇ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਇੱਕਠੇ ਹੋਣ ਤੋਂ ਇਨਕਾਰ ਕਰਨਾ ਉਨ੍ਹਾਂ ਪ੍ਰਤੀ ਪਿਆਰ ਨੂੰ ਹੀ ਦਰਸਾਵੇਗਾ।
ਇਸ ਦੌਰਾਨ ਕੈਨੇਡਾ ਦੀ ਚੀਫ ਪਬਲਿਕ ਹੈਲਥ ਆਫੀਸਰ ਡਾ.ਥੈਰੇਸਾ ਟੈਮ ਨੇ ਆਖਿਆ ਕਿ ਆਊਟਡੋਰ ਇੱਕਠ ਵੀ ਖਤਰਾ ਖੜ੍ਹਾ ਕਰ ਸਕਦੇ ਹਨ। ਜੇ ਕਿਸੇ ਨੂੰ ਇੰਜ ਲੱਗਦਾ ਹੈ ਕਿ ਬਾਹਰ ਮਿਲਣਾ ਸੁਰੱਖਿਅਤ ਹੈ ਤਾਂ ਇਹ ਖੁਦ ਨੂੰ ਝੂਠਾ ਦਿਲਾਸਾ ਦੇਣ ਵਾਲੀ ਗੱਲ ਹੈ। ਉਨ੍ਹਾਂ ਆਖਿਆ ਕਿ ਕਿਸੇ ਨਾ ਕਿਸੇ ਦਿਨ ਆਪਾਂ ਮੁੜ ਇੱਕਠੇ ਹੋ ਸਕਾਂਗੇ ਪਰ ਉਦੋਂ ਤੱਕ ਸਾਨੂੰ ਥੋੜ੍ਹੀ ਉਡੀਕ ਕਰ ਲੈਣੀ ਚਾਹੀਦੀ ਹੈ।
ਹੁਣ ਜਦੋਂ ਅਸੀਂ ਕੋਵਿਡ-19 ਮਹਾਂਮਾਰੀ ਦਰਮਿਆਨ ਰਹਿ ਰਹੇ ਹਾਂ ਤਾਂ ਸਾਨੂੰ ਇਸ ਸਾਲ ਖੁਦ ਨੂੰ, ਆਪਣੇ ਪਿਆਰਿਆਂ ਤੇ ਆਪਣੀਆਂ ਕਮਿਊਨਿਟੀਜ਼ ਨੂੰ ਬਚਾਉਣ ਲਈ ਆਪਣੀਆਂ ਥੈਂਕਸਗਿਵਿੰਗ ਪਾਰਟੀਆਂ ਦੀ ਯੋਜਨਾਬੰਦੀ ਬਹੁਤ ਸੋਚ ਸਮਝ ਕੇ ਬਣਾਉਣੀ ਚਾਹੀਦੀ ਹੈ।

## ਸਾਬਕਾ ਲਿਬਰਲ ਐਮਪੀ ਰਾਜ ਗਰੇਵਾਲ ਦਾ ਕੇਸ ਅਗਲੇ ਸਾਲ ਤੱਕ ਮੁਲਤਵੀ

ਓਟਵਾ, 6 ਅਕਤੂਬਰ (ਪੋਸਟ ਬਿਊਰੋ) : ਆਫਿਸ ਵਿੱਚ ਰਹਿੰਦਿਆਂ ਫਰਾਡ ਤੇ ਬ੍ਰੀਚ ਆਫ ਟਰਸਟ ਦੇ ਚਾਰਜਿਜ਼ ਨਾਲ ਘਿਰੇ ਸਾਬਕਾ ਲਿਬਰਲ ਐਮਪੀ ਦਾ ਕੇਸ ਅਗਲੇ ਸਾਲ ਤੱਕ ਮੁਲਤਵੀ ਕਰ ਦਿੱਤਾ ਗਿਆ ਹੈ।
ਮੰਗਲਵਾਰ ਨੂੰ ਨਿੱਕੀ ਜਿਹੀ ਵਰਚੂਅਲ ਸੁਣਵਾਈ ਤੋਂ ਬਾਅਦ ਰਾਜ ਗਰੇਵਾਲ ਦੇ ਵਕੀਲਾਂ ਤੇ ਕ੍ਰਾਊਨ ਦਰਮਿਆਨ ਇਸ ਮਾਮਲੇ ਤਹਿਤ ਅਗਲੇ ਸਾਲ 6 ਜਨਵਰੀ ਨੂੰ ਸੁਣਵਾਈ ਲਈ ਪਰਤਣ ਦੀ ਸਹਿਮਤੀ ਬਣੀ। ਸੁਣਵਾਈ ਦੌਰਾਨ ਗਰੇਵਾਲ ਦੇ ਵਕੀਲ ਜ਼ੈਚਰੀ ਅਲ ਖਾਤਿਬ ਨੇ ਆਖਿਆ ਕਿ ਉਨ੍ਹਾਂ ਦੀ ਟੀਮ ਨੂੰ ਜਾਂਚਕਾਰਾਂ ਕੋਲੋਂ 10 ਗੀਗਾਬਾਈਟਜ਼ ...ਬਾਕੀ ਪੰਨਾ 3 'ਤੇ

Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA Insurance Broker
www.ufsinsurance.com
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
- Best INR Rate
- Fastest Service
- 24x7 Service
- Secure Transaction
- Special Business Account
Send - Exchange - Receive
Toll Free: 1833 823 5439 | 647 783 0049

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CALL: 905-793-2202
You can Place Your Business Here
To Reach Wider Audience


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

## ਸਾਬਕਾ ਲਿਬਰਲ ਐਮਪੀ ਰਾਜ ਗਰੇਵਾਲ ਦਾ ਕੇਸ ਅਗਲੇ ਸਾਲ ਤੱਕ ਮੁਲਤਵੀ

ਸਫਾ 1 ਦਾ ਬਾਕੀ

ਮੈਟੀਰੀਅਲ ਮਿਲਿਆ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਵੱਲੋਂ ਕ੍ਰਾਊਨ ਕੋਲੋਂ ਹੋਰ ਸਬੂਤਾਂ ਦੀ ਮੰਗ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਆਰਸੀਐਮਪੀ ਨੇ ਇੱਕ ਮਹੀਨੇ ਪਹਿਲਾਂ ਬ੍ਰੀਚ ਆਫ ਟਰਸਟ ਦੇ ਚਾਰ ਮਾਮਲਿਆਂ ਤੇ ਸਾਬਕਾ ਐਮਪੀ ਦੇ ਹਾਊਸ ਆਫ ਕਾਮਨਜ਼ ਵਿੱਚ ਰਹਿੰਦਿਆਂ 5000 ਡਾਲਰ ਤੋਂ ਵੱਧ ਦੇ ਫਰਾਡ ਦੇ ਮਾਮਲੇ ਵਿੱਚ ਗਰੇਵਾਲ ਨੂੰ ਚਾਰਜ ਕੀਤਾ ਸੀ। ਮਾਊਂਟੀਜ਼ ਨੇ ਦੋਸ਼ ਲਾਇਆ ਸੀ ਕਿ ਗਰੇਵਾਲ ਨੇ ਕਈ ਮਿਲੀਅਨ ਡਾਲਰ ਦੇ ਨਿਜੀ ਲੋਨਜ਼ ਲਈ ਆਪਣੇ ਸਿਆਸੀ ਰਸੂਖ ਦੀ ਵਰਤੋਂ ਕੀਤੀ ਤੇ ਇਨ੍ਹਾਂ ਲੋਨਜ਼ ਬਾਰੇ ਐਥਿਕਸ ਕਮਿਸ਼ਨਰ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ।

ਜਾਂਚਕਾਰਾਂ ਨੇ ਇਹ ਦੋਸ਼ ਵੀ ਲਾਇਆ ਕਿ ਗਰੇਵਾਲ ਨੇ ਆਪਣੇ ਨਿਜੀ ਫਾਇਦੇ ਲਈ ਟੈਕਸਦਾਤਾਵਾਂ ਵੱਲੋਂ ਹਾਸਲ ਫੰਡਾਂ ਵਾਲੇ ਕੌਂਸਟੀਚੁਐਂਸੀ ਆਫਿਸ ਬਜਟ ਦੀ ਵਰਤੋਂ ਵੀ ਕੀਤੀ। ਪਰ ਇਨ੍ਹਾਂ ਸਾਰੇ ਦੋਸ਼ਾਂ ਤੋਂ ਗਰੇਵਾਲ ਵੱਲੋਂ ਇਨਕਾਰ ਕੀਤਾ ਗਿਆ। ਉਨ੍ਹਾਂ 2018 ਵਿੱਚ ਲਿਬਰਲ ਕਾਕਸ ਛੱਡ ਦਿੱਤਾ। ਇਸ ਦਾ ਕਾਰਨ ਉਨ੍ਹਾਂ ਨਿਜੀ ਦੱਸਿਆ। ਪਿਛਲੇ ਸਾਲ ਹੋਈਆਂ ਫੈਡਰਲ ਚੋਣਾਂ ਵਿੱਚ ਵੀ ਉਹ ਦੁਬਾਰਾ ਖੜ੍ਹੇ ਨਹੀਂ ਹੋਏ।

## ਘਰੇਲੂ ਹਿੰਸਾ ਨੇ ਲਈ 50 ਸਾਲਾ ਮਹਿਲਾ ਦੀ ਜਾਨ




ਮਿਸੀਸਾਗਾ, 6 ਅਕਤੂਬਰ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਪੀਲ ਪੁਲਿਸ ਨੇ ਮਿਸੀਸਾਗਾ ਦੇ ਇੱਕ ਘਰ ਵਿੱਚ ਆਪਣੀ ਪਤਨੀ ਦਾ ਕਤਲ ਕਰਨ ਦੇ ਦੋਸ਼ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ।

ਪੁਲਿਸ ਨੇ ਦੱਸਿਆ ਕਿ ਆਫੀਸਰਜ਼ ਨੂੰ ਸਵੇਰੇ 6:24 ਉੱਤੇ ਬਾਰਵੈਲ ਰੋਡ ਨੇੜੇ ਗੈਲਬ੍ਰੇਥ ਡਰਾਈਵ ਸਥਿਤ ਰਿਹਾਇਸ਼ ਦੇ ਅੰਦਰੋ ਕਾਲ ਕਰਕੇ ਸੱਦਿਆ ਗਿਆ। ਕਾਂਸਟੇਬਲ ਕਾਈਲੀ ਵਿੱਲਰਜ਼ ਨੇ ਦੱਸਿਆ ਕਿ ਪੁਲਿਸ ਨੂੰ ਘਰ ਵਿੱਚ ਇੱਕ 50 ਸਾਲਾ ਮਹਿਲਾ ਗੰਭੀਰ ਜ਼ਖ਼ਮੀ ਹਾਲਤ ਵਿੱਚ ਮਿਲੀ। ਉਸ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਉਸ ਦੇ ਪਤੀ ਸਟੀਫਨ ਕੈਰੇਲਚੱਕ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਤੇ ਉਸ ਉੱਤੇ ਸੈਕਿੰਡ ਡਿਗਰੀ ਮਰਡਰ ਦਾ ਚਾਰਜ ਲਾਇਆ ਗਿਆ ਹੈ। ਵਿੱਲਰਜ਼ ਨੇ ਦੱਸਿਆ ਕਿ ਇਸ ਜੋੜੇ ਦੀ ਟੀਨੇਜ ਧੀ ਵੀ ਇਸ ਸਾਰੇ ਘਟਨਾਕ੍ਰਮ ਦੌਰਾਨ ਘਰ ਵਿੱਚ ਹੀ ਮੌਜੂਦ ਸੀ ਪਰ ਉਸ ਨੂੰ ਕੋਈ ਸੱਟਫੇਟ ਨਹੀਂ ਲੱਗੀ। ਪੁਲਿਸ ਨੇ ਦੱਸਿਆ ਕਿ ਇਹ ਹਿੰਸਾ ਦਾ ਮਾਮਲਾ ਲੱਗ ਰਿਹਾ ਹੈ ਤੇ ਉਹ ਕਿਸੇ ਹੋਰ ਮਸ਼ਕੂਕ ਦੀ ਇਸ ਸਬੰਧ ਵਿੱਚ ਭਾਲ ਨਹੀਂ ਕਰ ਰਹੀ।

## ਟਰੰਪ ਦਾ ਉੱਘਾ ਸਹਾਇਕ ਸਟੀਫਨ ਮਿਲਰ ਵੀ ਆਇਆ ਕੋਵਿਡ-19 ਦੀ ਚਪੇਟ ਵਿੱਚ



ਵਾਸ਼ਿੰਗਟਨ, 6 ਅਕਤੂਬਰ (ਪੋਸਟ ਬਿਊਰੋ) : ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਦੇ ਸੀਨੀਅਰ ਸਲਾਹਕਾਰ ਤੇ ਸਪੀਚ ਰਾਈਟਰ ਸਟੀਫਨ ਮਿਲਰ ਵੀ ਕਰੋਨਾਵਾਇਰਸ ਪਾਜ਼ੀਟਿਵ ਆ ਗਏ ਹਨ।

ਇੱਕ ਸੀਨੀਅਰ ਪ੍ਰਸ਼ਾਸਕੀ ਅਧਿਕਾਰੀ ਨੇ ਦੱਸਿਆ ਕਿ ਵ੍ਹਾਈਟ ਹਾਊਸ ਦੇ ਅਧਿਕਾਰੀਆਂ ਵੱਲੋਂ ਕਾਂਪਲੈਕਸ ਵਿੱਚ ਆਊਟਬ੍ਰੇਕ, ਜਿਸ ਕਾਰਨ ਟਰੰਪ, ਫਰਸਟ ਲੇਡੀ ਤੇ ਦਰਜਨਾਂ ਹੋਰ ਸਹਾਇਕ ਤੇ ਸਹਿਯੋਗੀ ਕੋਵਿਡ-19 ਦੀ ਚਪੇਟ ਵਿੱਚ ਆਏ, ਨੂੰ ਰੋਕਣ ਲਈ ਪਹਿਲਾਂ ਕੀਤੇ ਗਏ ਟੈਸਟਸ ਵਿੱਚ ਮਿਲਰ ਨੈਗੇਟਿਵ ਪਾਏ ਗਏ ਸਨ। ਮਿਲਰ ਵੱਲੋਂ ਹੀ ਰਾਸ਼ਟਰਪਤੀ ਦੀ ਅਮੈਰਿਕਾ ਫਰਸਟ ਵਿਦੇਸ਼ ਨੀਤੀ ਅਤੇ ਸਖਤ ਇਮੀਗ੍ਰੇਸ਼ਨ ਮਾਪਦੰਡਾਂ ਦੀ ਕਾਢ ਕੱਢੀ ਦੱਸੀ ਜਾਂਦੀ ਹੈ। ਉਨ੍ਹਾਂ ਦੀ ਪਤਨੀ ਕੇਟੀ ਮਿਲਰ, ਜੋ ਕਿ ਵਾਈਸ ਪ੍ਰੈਜ਼ੀਡੈਂਟ ਮਾਈਕ ਪੈਂਸ ਦੀ ਕਮਿਊਨਿਕੇਸ਼ਨਜ਼ ਡਾਇਰੈਕਟਰ ਹੈ, ਵੀ ਪਹਿਲਾਂ ਕੋਵਿਡ-19 ਦੀ ਚਪੇਟ ਵਿੱਚ ਆ ਚੁੱਕੀ ਹੈ ਤੇ ਆਖਰੀ ਵਾਰੀ ਉਸ ਦਾ ਟੈਸਟ ਵੀ ਨੈਗੇਟਿਵ ਆਇਆ। ਕੇਟੀ ਮਿਲਰ, ਪੈਂਸ ਨਾਲ ਸਾਲਟ ਲੇਕ ਸਿਟੀ ਵਿੱਚ ਹੀ ਸੀ, ਜਿੱਥੇ ਉਹ ਡੈਮੋਕ੍ਰੈਟਿਕ ਵਾਈਸ ਪ੍ਰੈਜ਼ੀਡੈਂਟ ਉਮੀਦਵਾਰ ਕਮਲਾ ਹੈਰਿਸ ਨਾਲ ਦਸਤ ਪੰਜਾਂ ਲੜਾਉਣ ਦੀ ਤਿਆਰੀ ਕਰ ਰਹੇ ਹਨ। ਪਰ ਜਿਵੇਂ ਹੀ ਉਸ ਨੂੰ ਆਪਣੇ ਪਤੀ ਦੇ ਪਾਜ਼ੀਟਿਵ ਆਉਣ ਬਾਰੇ ਪਤਾ ਲੱਗਿਆ ਤਾਂ ਉਹ ਉੱਥੋਂ ਉਸ ਨਾਲ ਮੁਲਾਕਾਤ ਲਈ ਰਵਾਨਾ ਹੋ ਗਈ।

## ਢਾਹਾਂ ਪ੍ਰਾਈਜ਼ ਵੱਲੋਂ ਸਾਹਿੱਤ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ 2020 ਦੇ ਜੇਤੂਆਂ ਦੇ ਨਾਂਵਾਂ ਦਾ ਐਲਾਨ




ਵੈਨਕੂਵਰ, 6 ਅਕਤੂਬਰ (ਪੋਸਟ ਬਿਊਰੋ) : ਪੰਜਾਬੀ ਲਿਟਰੇਚਰ ਲਈ ਢਾਹਾਂ ਪ੍ਰਾਈਜ਼ ਵੱਲੋਂ ਸਾਹਿੱਤ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ 2020 ਦੇ ਜੇਤੂਆਂ ਦੇ ਨਾਂਵਾਂ ਦਾ ਐਲਾਨ ਕੀਤਾ ਗਿਆ। ਢਾਹਾਂ ਪ੍ਰਾਈਜ਼ ਵੱਲੋਂ ਗਲੋਬਲ ਪੱਧਰ ਉੱਤੇ ਪੰਜਾਬੀ ਲਿਟਰੇਚਰ ਨੂੰ ਹੱਲਾਸ਼ੇਰੀ ਦੇਣ ਦਾ ਉਪਰਾਲਾ ਕੀਤਾ ਜਾਂਦਾ ਹੈ। ਇਸ ਤਹਿਤ ਗੁਰਮੁਖੀ ਜਾਂ ਸ਼ਾਹਮੁਖੀ ਗਲਪ ਰਚਨਾਵਾਂ ਨੂੰ 25,000 ਡਾਲਰ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਦੋ ਹੋਰ ਫਾਇਨਲਿਸਟਸ ਨੂੰ 10,000 ਕੈਨੇਡੀਅਨ ਡਾਲਰ ਦੇ ਕੇ ਵੀ ਸਨਮਾਨਿਤ ਕੀਤਾ ਜਾਂਦਾ ਹੈ।

ਪੰਜਾਬੀ ਸਾਹਿਤ ਦੇ ਖੇਤਰ ਵਿਚ 2020 ਵਿੱਚ ਢਾਹਾਂ ਪ੍ਰਾਈਜ਼ ਦੇ ਜੇਤੂਆਂ ਤੇ ਫਾਇਨਲਿਸਟਸ ਦੇ ਨਾਂ ਹੇਠ ਲਿਖੇ ਅਨੁਸਾਰ ਹਨ :

- ਜੇਤੂ : 25,000 ਡਾਲਰ

ਜਨਾਨੀ ਪੌਦ, ਕੇਸਰਾ ਰਾਮ (ਸਿਰਸਾ, ਹਰਿਆਣਾ, ਭਾਰਤ) ਵੱਲੋਂ ਰਚਿਤ ਮਿੰਨੀ ਕਹਾਣੀਆਂ

- ਫਾਇਨਲਿਸਟ : 10,000 ਡਾਲਰ :ਸ਼ਾਹਮੁਖੀ ਰਚਨਾ

ਪਾਣੀ ਦੀ ਕੰਧ, ਜ਼ੁਬੈਰ ਅਹਿਮਦ (ਲਾਹੌਰ, ਪੰਜਾਬ, ਪਾਕਿਸਤਾਨ) ਵੱਲੋਂ ਰਚਿਤ ਮਿੰਨੀ ਕਹਾਣੀਆਂ

- ਫਾਇਨਲਿਸਟ : 10,000 ਡਾਲਰ : ਗੁਰਮੁਖੀ ਰਚਨਾ

ਆਦਮ ਗ੍ਰਹਿਣ : ਹਰਕੀਰਤ ਕੌਰ ਚਾਹਲ (ਚਿੱਲੀਵੈਕ, ਬੀਸੀ, ਕੈਨੇਡਾ) ਵੱਲੋਂ ਰਚਿਤ ਨਾਵਲ

ਬਾਰਜ ਐਸ ਢਾਹਾਂ ਨੇ ਦੱਸਿਆ ਕਿ ਇਨ੍ਹਾਂ ਢਾਹਾਂ ਐਵਾਰਡ ਜੇਤੂ ਪੁਸਤਕਾਂ ਵਿੱਚ ਯਾਦਾਂ, ਘਾਟਾ, ਦਰਦ, ਹਿੰਸਾ ਦੇ ਜ਼ਖ਼ਮ ਤੋਂ ਇਲਾਵਾ ਆਸ ਤੇ ਮਰਹਮ ਦੇ ਸਫਰ ਦੀਆਂ ਕਹਾਣੀਆਂ ਨੂੰ ਛੋਹਿਆ ਗਿਆ ਹੈ। ਇਸ ਉਪਰਾਲੇ ਤਹਿਤ ਹਰਕੀਰਤ ਕੌਰ ਚਾਹਲ ਦੇ ਬੇਹੱਦ ਖ਼ੂਬਸੂਰਤ ਨਾਵਲ ਨੂੰ ਐਵਾਰਡ ਦੇ ਕੇ ਇੱਕ ਤਰ੍ਹਾਂ ਇਤਿਹਾਸ ਸਿਰਜਿਆ ਗਿਆ ਹੈ।

ਕੋਵਿਡ-19 ਮਹਾਂਮਾਰੀ ਕਾਰਨ ਮਾਰਚ ਦੇ ਅਖੀਰ ਵਿੱਚ ਬ੍ਰਿਟਿਸ਼ ਕੋਲੰਬੀਆ ਵਿੱਚ ਸਕੂਲ ਬੰਦ ਹੋ ਜਾਣ ਕਾਰਨ ਢਾਹਾਂ ਯੂਥ ਐਵਾਰਡ ਕ੍ਰੀਏਟਿਵ ਰਾਈਟਿੰਗ ਮੁਕਾਬਲਾ 2020 ਰੱਦ ਕਰ ਦਿੱਤਾ ਗਿਆ ਸੀ। ਪਰ ਇਹ ਮੁਕਾਬਲਾ 2021 ਵਿੱਚ ਬ੍ਰਿਟਿਸ਼ ਕੋਲੰਬੀਆ ਦੇ 11ਵੀਂ ਤੇ 12ਵੀਂ ਦੇ ਹਾਈ ਸਕੂਲ ਵਿਦਿਆਰਥੀਆਂ ਲਈ ਉਨ੍ਹਾਂ ਵੱਲੋਂ ਪੰਜਾਬੀ ਤੇ ਇੰਗਲਿਸ਼ ਵਿੱਚ ਲਿਖੀਆਂ ਰਚਨਾਵਾਂ ਲਈ ਕਰਵਾਇਆ ਜਾਵੇਗਾ।

## ਕਿਸਾਨ ਸੰਘਰਸ਼ ਦੇ ਦਬਾਅ ਕਾਰਨ ਕੇਂਦਰ ਦੇ ਗ੍ਰਹਿ ਮੰਤਰਾਲੇ ਨੇ ਕਿਸਾਨਾਂ ਨਾਲ ਗੱਲਬਾਤ ਚਲਾਈ



ਚੰਡੀਗੜ੍ਹ, 6 ਅਕਤੂਬਰ, (ਪੋਸਟ ਬਿਊਰੋ)- ਨਰਿੰਦਰ ਮੋਦੀ ਸਰਕਾਰ ਦੇ ਖੇਤੀ ਕਾਨੂੰਨਾਂ ਦੇ ਖਿਲਾਫ ਕਿਸਾਨ ਅੰਦੋਲਨ ਦਾ ਦਬਾਅ ਕੇਂਦਰ ਸਰਕਾਰ ਨੇ ਸਮਝਿਆ ਅਤੇ ਗ੍ਰਹਿ ਮੰਤਰਾਲੇ ਨੇ ਕਿਸਾਨ ਜਥੇਬੰਦੀਆਂ ਨਾਲ ਗੱਲ ਸ੍ਰੂ ਕੀਤੀ ਹੈ।

ਇਸ ਸੰਬੰਧ ਵਿੱਚ ਕਿਸਾਨ ਲੀਡਰਾਂ ਦਾ ਦਾਅਵਾ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਸੰਘਰਸ਼ ਦੀ ਅਗਵਾਈ ਕਰਦੀਆਂ ਜਥੇਬੰਦੀਆਂ ਤੱਕ ਪਹੁੰਚ ਸ਼ੁਰੂ ਕੀਤੀ ਹੈ। ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨੇ ਸੰਕੇਤ ਦਿੱਤਾ ਹੈ ਕਿ ਗੱਲਬਾਤ ਲਈ ਉਨ੍ਹਾਂ ਨੂੰ ਜਲਦੀ ਸੱਦਾ ਦਿੱਤਾ ਜਾਵੇਗਾ, ਤਾਂ ਜੋ ਖੇਤੀ ਕਾਨੂੰਨਾਂ ਉੱਤੇ ਚੱਲਦੇ ਸੰਘਰਸ਼ ਦਾ ਹੱਲ ਕੱਢਿਆ ਜਾ ਸਕੇ।

ਵਰਨਣ ਯੋਗ ਹੈ ਕਿ ਬੀਤੇ 24 ਸਤੰਬਰ ਤੋਂ ਪੰਜਾਬ ਵਿੱਚ ਕਿਸਾਨਾਂ ਵੱਲੋਂ ਖੇਤੀ ਕਾਨੂੰਨਾਂ ਦੇ ਵਿਰੁੱਧ ਸੰਘਰਸ਼ ਕੀਤਾ ਜਾ ਰਿਹਾ ਹੈ ਤੇ ਪਹਿਲੀ ਅਕਤੂਬਰ ਤੋਂ ਰੇਲਾਂ ਦਾ ਚੱਕਾ ਜਾਮ ਹੋਣ ਕਰ ਕੇ ਪੰਜਾਬ ਦਾ ਰੇਲ ਸੰਪਰਕ ਪੂਰੇ ਦੇਸ਼ ਤੋਂ ਕੱਟਿਆ ਗਿਆ ਹੈ। ਇਸ ਦੌਰਾਨ ਪੰਜਾਬ ਭਰ ਵਿੱਚ ਕਿਸਾਨਾਂ ਨੇ ਟੌਲ ਪਲਾਜ਼ੇ ਤੇ ਕਾਰਪੋਰੇਟ ਘਰਾਣਿਆਂ ਦੇ ਕਾਰੋਬਾਰੀ ਟਿਕਾਣਿਆਂ ਨੂੰ ਵੀ ਘੇਰਿਆ ਹੋਇਆ ਹੈ ਅਤੇ ਸਰਕਾਰ ਤੇ ਕਾਰੋਬਾਰੀਆਂ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ।

ਕਿਸਾਨ ਜਥੇਬੰਦੀਆਂ ਦੇ ਆਗੂ ਡਾ. ਦਰਸ਼ਨ ਪਾਲ ਦੇ ਦੱਸਣ ਮੁਤਾਬਕ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਡਾਇਰੈਕਟਰ ਪੱਧਰ ਦੇ ਅਧਿਕਾਰੀ ਨੇ ਕਿਸਾਨ ਆਗੂਆਂ ਨਾਲ ਗੱਲ ਕੀਤੀ ਹੈ ਤੇ ਪੰਜਾਬ ਦੇ ਭਾਜਪਾ ਆਗੂਆਂ ਨੇ ਵੀ ਸੰਘਰਸ਼ ਕਰਦੀਆਂ ਕਿਸਾਨ ਜਥੇਬੰਦੀਆਂ ਨਾਲ ਸੰਪਰਕ ਕਰਕੇ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਭਾਜਪਾ ਨੇਤਾਵਾਂ ਨੂੰ ਸਪੱਸ਼ਟ ਕਰ ਦਿੱਤਾ ਗਿਆ ਹੈ ਕਿ ਕਿਸੇ ਸੰਵਿਧਾਨਕ ਅਹੁਦੇ ਉੱਤੇ ਬੈਠੇ ਵਿਅਕਤੀ ਜਾਂ ਅਥਾਰਟੀ ਦੇ ਨੁਮਾਇੰਦੇ ਨਾਲ ਗੱਲਬਾਤ ਕੀਤੀ ਜਾ ਸਕਦੀ ਹੈ, ਪਰ ਕਿਸੇ ਵੀ ਸਿਆਸੀ ਆਗੂ ਨਾਲ ਗੱਲਬਾਤ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਾਰਲੇ ਦਾ ਲਿਖਤੀ ਸੱਦਾ ਆਉਣ ਤੋਂ ਬਾਅਦ 31 ਜਥੇਬੰਦੀਆਂ ਇਸ ਨੂੰ ਵਿਚਾਰ ਕੇ ਭਵਿੱਖ ਬਾਰੇ ਫ਼ੈਸਲਾ ਕਰਨਗੀਆਂ।

## ਲੱਖੋਵਾਲ ਯੂਨੀਅਨ ਦੇ ਪਟੀਸ਼ਨ ਦਾਇਰ ਕਰਨ ਬਾਰੇ ਅਕਾਲੀ ਦਲ ਵੱਲੋਂ ਸਫਾਈਆਂ ਪੇਸ਼


ਚੰਡੀਗੜ੍ਹ, 6 ਅਕਤੂਬਰ, (ਪੋਸਟ ਬਿਊਰੋ)- ਬਾਦਲ ਅਕਾਲੀ ਦਲ ਨੇ ਅੱਜ ਏਥੇ ਸਾਫ ਸ਼ਬਦਾਂ ਵਿੱਚ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਵੱਲੋਂ ਸੁਪਰੀਮ ਕੋਰਟ ਵਿਚ ਪੇਸ਼ ਕੀਤੀ ਪਟੀਸ਼ਨ ਗਲਤ ਹੈ ਤੇ ਇਸ ਬਾਰੇ ਸਾਰੀਆਂ ਕਿਸਾਨ ਜਥੇਬੰਦੀਆਂ ਵਿਚ ਆਮ ਸਹਿਮਤੀ ਹੋਣ ਤੋਂ ਬਾਅਦ ਹੀ ਦਾਇਰ ਹੋਣੀ ਚਾਹੀਦੀ ਹੈ।

ਅੱਜ ਏਥੇ ਜਾਰੀ ਕੀਤੇ ਬਿਆਨ ਵਿਚ ਅਕਾਲੀ ਆਗੂ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਜਿਥੋਂ ਤੱਕ ਸ਼੍ਰੋਮਣੀ ਅਕਾਲੀ ਦਲ ਦਾ ਸਵਾਲ ਹੈ, ਉਹ ਸਪੱਸ਼ਟ ਕਰਨਾ ਚਾਹੁੰਦੇ ਹਨ ਕਿ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਵੱਲੋਂ ਦਾਇਰ ਕੀਤੀ ਗਈ ਰਿੱਟ ਪਟੀਸ਼ਨ ਨਾਲ ਅਕਾਲੀ ਦਲ ਦਾ ਕੋਈ ਲੈਣਾ-ਦੇਣਾ ਨਹੀਂ। ਉਨ੍ਹਾਂ ਕਿਹਾ ਕਿ ਅਜਮੇਰ ਸਿੰਘ ਲੱਖੋਵਾਲ ਦੇ ਗਰੁੱਪ ਨੇ ਪਟੀਸ਼ਨ ਪੇਸ਼ ਕਰਨ ਤੋਂ ਪਹਿਲਾਂ ਅਕਾਲੀ ਦਲ ਨਾਲ ਕੋਈ ਸਲਾਹ ਨਹੀਂ ਕੀਤੀ। ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਇਹ ਪਟੀਸ਼ਨ ਕਾਹਲੀ ਵਿਚ ਦਾਇਰ ਕੀਤੀ ਗਈ ਹੈ, ਇਸ ਬਾਰੇ ਲੱਖੋਵਾਲ ਗਰੁੱਪ ਨੂੰ ਪਹਿਲਾਂ ਸੰਵਿਧਾਨਕ ਮਾਹਰਾਂ ਨਾਲ ਰਾਏ ਕਰਨੀ ਚਾਹੀਦੀ ਸੀ ਤੇ ਪੰਜਾਬ, ਹਰਿਆਣਾ ਅਤੇ ਦੇਸ਼ ਦੇ ਹੋਰ ਰਾਜਾਂ ਦੀਆਂ ਕਿਸਾਨ ਆਗੂਆਂ ਨਾਲ ਮੀਟਿੰਗ ਕਰਨੀ ਚਾਹੀਦੀ ਸੀ ਤਾਂ ਜੋ ਉਨ੍ਹਾਂ ਦੇ ਵਿਚਾਰ ਇਸ ਵਿਚ ਸ਼ਾਮਲ ਹੋ ਸਕਦੇ ਤੇ ਇਹ ਸਹੀ ਤਰੀਕੇ ਪ੍ਰਤੀਨਿਧਤਾ ਕਰਦੀ।

ਪ੍ਰੋ. ਚੰਦੂਮਾਜਰਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤਾਂ ਪਹਿਲਾਂ ਹੀ ਕਿਸਾਨ ਜਥੇਬੰਦੀਆਂ ਤੱਕ ਪਹੁੰਚ ਕਰਨੀ ਸ਼ੁਰੂ ਕਰ ਚੁੱਕਾ ਹੈ ਤਾਂ ਜੋ ਸਭ ਨੂੰ ਇਕ ਪਲੇਟਫਾਰਮ ਉੱਤੇ ਇਕੱਠਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕੱਲ੍ਹ ਹਰਿਆਣਾ ਦੇ ਮੇਹਮ ਦਾ ਦੌਰਾ ਕਰ ਕੇ ਉਥੇ ਚੌਬੀਸੀ ਚਬੂਤਰਾ ਉੱਤੇ ਕਈ ਪ੍ਰਮੁੱਖ ਕਿਸਾਨ ਆਗੂਆਂ ਨਾਲ ਮੀਟਿੰਗ ਕੀਤੀ ਸੀ। ਉਨ੍ਹਾਂ ਨੇ ਦੱਸਿਆ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬਣਾਈ ਤਿੰਨ ਮੈਂਬਰੀ ਕਮੇਟੀ, ਜਿਸ ਵਿਚ ਉਨ੍ਹਾਂ ਦੇ ਨਾਲ ਬਲਵਿੰਦਰ ਸਿੰਘ ਭੂੰਦੜ ਤੇ ਸਿਕੰਦਰ ਸਿੰਘ ਮਲੂਕਾ ਵੀ ਹਨ, ਵੱਲੋਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨਾਲ ਛੇਤੀ ਹੀ ਮੀਟਿੰਗ ਕੀਤੀ ਜਾਵੇਗੀ ਤੇ ਸਾਡੀ ਕੋਸ਼ਿਸ਼ ਹੈ ਕਿ ਕਿਸਾਨ ਜਥੇਬੰਦੀਆਂ ਤੱਕ ਪਹੁੰਚ ਕਰ ਕੇ ਜੋ ਵੀ ਸਹਾਇਤਾ ਉਨ੍ਹਾਂ ਨੂੰ ਕੇਂਦਰ ਸਰਕਾਰ ਵੱਲੋਂ ਬਣਾਏ ਕਾਲੇ ਖੇਤੀ ਕਾਨੂੰਨਾਂ ਖ਼ਿਲਾਫ਼ ਚਾਹੀਦੀ ਹੈ, ਉਹ ਅਕਾਲੀ ਦਲ ਵੱਲੋਂ ਦਿੱਤੀ ਜਾ ਸਕੇ।

ਅਸਲ ਵਿੱਚ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਅਜਮੇਰ ਸਿੰਘ ਲੱਖੋਵਾਲ ਕੋਲ ਮੰਤਰੀ ਦਰਜੇ ਦਾ ਅਹੁਦਾ ਰਿਹਾ ਹੋਣ ਕਰ ਕੇ ਉਸ ਨੂੰ ਬਾਦਲ ਅਕਾਲੀ ਦਲ ਦੇ ਨੇੜੇ ਸਮਝਿਆ ਜਾਂਦਾ ਹੈ ਅਤੇ ਇਹ ਪ੍ਰਭਾਵ ਬਣ ਰਿਹਾ ਸੀ ਕਿ ਉਸ ਵੱਲੋਂ ਸੁਪਰੀਮ ਕੋਰਟ ਵਿੱਚ ਕੀਤੀ ਗਈ ਪਟੀਸ਼ਨ ਵੀ ਅਕਾਲੀ ਦਲ ਦੀ ਨੀਤੀ ਦਾ ਹਿੱਸਾ ਹੋ ਸਕਦੀ ਹੈ। ਇਸ ਬਾਰੇ ਅੱਜ ਇਸ ਪਾਰਟੀ ਨੇ ਸਾਫ ਕਰ ਦਿੱਤਾ ਹੈ ਕਿ ਇਹ ਪਟੀਸ਼ਨ ਉਨ੍ਹਾਂ ਦੀ ਸਲਾਹ ਨਾਲ ਪੇਸ਼ ਨਹੀਂ ਕੀਤੀ ਗਈ।

## ਲੱਖੋਵਾਲ ਕਿਸਾਨ ਯੂਨੀਅਨ ਵੱਲੋਂ ਸੁਪਰੀਮ ਕੋਰਟ ਵਿੱਚੋਂ ਪਟੀਸ਼ਨ ਵਾਪਸ ਲੈਣ ਦਾ ਐਲਾਨ



ਫ਼ਤਹਿਗੜ੍ਹ ਸਾਹਿਬ, 6 ਅਕਤੂਬਰ, (ਪੋਸਟ ਬਿਊਰੋ)- ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਨੇ ਭਾਰਤ ਸਰਕਾਰ ਵੱਲੋਂ ਬਣਾਏ ਖੇਤੀ ਕਾਨੂੰਨਾਂ ਦੇ ਖਿਲਾਫ ਸੁਪਰੀਮ ਕੋਰਟ ਵਿੱਚ ਦਾਇਰ ਕੀਤੀ ਹੋਈ ਅਰਜ਼ੀ ਵਾਪਸ ਲੈਣ ਦਾ ਫ਼ੈਸਲਾ ਲੈ ਲਿਆ ਹੈ। ਅੱਜ ਫਤਿਹਗੜ੍ਹ ਸਾਹਿਬ ਵਿਖੇ 13 ਕਿਸਾਨ ਜਥੇਬੰਦੀਆਂ ਦੀ ਮੀਟਿੰਗ ਵਿੱਚ ਇਹ ਫੈਸਲਾ ਹੋਣ ਪਿੱਛੋਂ ਅਜਮੇਰ ਸਿੰਘ ਲੱਖੋਵਾਲ ਨੇ ਕਿਹਾ ਕਿ 'ਅਦਾਲਤਾਂ ਉਤੇ ਭਰੋਸਾ ਨਹੀਂ ਰਿਹਾ, ਲੋਕ ਸੰਘਰਸ਼ ਰਾਹੀਂ ਜਿੱਤ ਹਾਸਲ ਕਰਾਂਗੇ।' ਇਸ ਦੌਰਾਨ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲਾ ਨੇ ਕਿਹਾ ਕਿ ਸੁਪਰੀਮ ਕੋਰਟ ਵਿੱਚੋਂ ਰਿੱਟ ਪਟੀਸ਼ਨ ਵਾਪਸ ਹੋਣ ਤੱਕ ਅਜਮੇਰ ਸਿੰਘ ਲੱਖੋਵਾਲ ਕੋਈ ਪ੍ਰੈੱਸ ਬਿਆਨ ਜਾਰੀ ਨਹੀਂ ਕਰਨਗੇ।

ਵਰਨਣ ਯੋਗ ਹੈ ਕਿ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਨੇ ਕੇਂਦਰ ਸਰਕਾਰ ਦੇ ਤਿੰਨ ਨਵੇਂ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਕੇ ਬੇਨਤੀ ਕੀਤੀ ਸੀ ਕਿ ਇਨ੍ਹਾਂ ਕਾਨੂੰਨਾਂ ਨੂੰ ਰੱਦ ਕੀਤਾ ਜਾਵੇ ਅਤੇ ਕੋਈ ਅੰਤਮ ਫ਼ੈਸਲਾ ਆਉਣ ਤੱਕ ਇਨ੍ਹਾਂ ਕਾਨੂੰਨਾਂ ਉੱਤੇ ਰੋਕ ਲਾਈ ਜਾਵੇ। ਵਕੀਲ ਜੀ ਐੱਸ ਘੁੰਮਣ ਰਾਹੀਂ ਦਾਇਰ ਕੀਤੀ ਇਸ ਅਰਜ਼ੀ ਵਿਚ ਕਿਸਾਨ ਆਗੂ ਹਰਿੰਦਰ ਸਿੰਘ ਲੱਖੋਵਾਲ ਨੇ ਕਿਹਾ ਸੀ ਕਿ ਕੇਂਦਰ ਸਰਕਾਰ ਦੇ ਬਿੱਲ ਕਿਸਾਨਾਂ ਦੇ ਲਈ ਮਾਰੂ ਹੋਣ ਕਾਰਨ ਇਨ੍ਹਾਂ ਉਤੇ ਰੋਕ ਲਾਈ ਜਾਵੇ ਤਾਂ ਜੋ ਕਿਸਾਨਾਂ, ਖ਼ਪਤਕਾਰਾਂ, ਮਜ਼ਦੂਰਾਂ, ਆੜ੍ਹਤੀਆਂ, ਦੁਕਾਨਦਾਰਾਂ ਅਤੇ ਛੋਟੇ ਵਪਾਰੀਆਂ ਦੇ ਹਿੱਤਾਂ ਦੀ ਰਾਖੀ ਹੋ ਸਕੇ। ਇਸ ਵਿਚ ਦੋਸ਼ ਲਾਇਆ ਗਿਆ ਸੀ ਕਿ ਕੋਰੋਨਾ ਮਹਾਮਾਰੀ ਦੀ ਆੜ ਵਿੱਚ ਕੇਂਦਰ ਦੀ ਮੋਦੀ ਸਰਕਾਰ ਨੇ ਖੇਤੀ ਸੋਧ ਬਿੱਲਾਂ ਦੇ ਨਾਂਅ ਹੇਠ ਤਿੰਨ ਕਿਸਾਨ ਵਿਰੋਧੀ ਬਿੱਲ ਪਾਰਲੀਮੈਂਟ ਵਿੱਚੋਂ ਧੱਕੇ ਨਾਲ ਜ਼ਬਾਨੀ ਵੋਟਾਂ ਦੇ ਅਧਾਰ ਉੱਤੇ ਪਾਸ ਕਰਵਾਏ ਹਨ। ਜਥੇਬੰਦੀ ਨੇ ਦੋਸ਼ ਲਾਇਆ ਸੀ ਕਿ ਕੇਂਦਰ ਸਰਕਾਰ ਈਸਟ ਇੰਡੀਆ ਕੰਪਨੀ ਵਾਂਗ ਦੇਸ਼ ਨੂੰ ਫਿਰ ਬਹੁਕੌਮੀ ਕੰਪਨੀਆਂ ਕੋਲ ਗਿਰਵੀ ਰੱਖਣ ਜਾ ਰਹੀ ਹੈ।

ਬਾਕੀ ਕਿਸਾਨ ਜਥੇਬੰਦੀਆਂ ਵੱਲੋਂ ਇਸ ਪਟੀਸ਼ਨ ਨੂੰ ਸੰਘਰਸ਼ ਨਾਲ ਧੋਖਾ ਕਰਾਰ ਦੇਣ ਮਗਰੋਂ ਕਿਸਾਨ ਯੂਨੀਅਨ ਲੱਖੋਵਾਲ ਨੇ ਸੁਪਰੀਮ ਕੋਰਟ ਵਿੱਚ ਪਾਈ ਪਟੀਸ਼ਨ ਵਾਪਸ ਲੈਣ ਦਾ ਐਲਾਨ ਕਰ ਦਿੱਤਾ। ਇਸ ਬਾਰੇ ਐਲਾਨ ਫ਼ਤਹਿਗੜ੍ਹ ਸਾਹਿਬ ਵਿਖੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੀ ਬੰਦ ਕਮਰਾ ਮੀਟਿੰਗ ਵਿੱਚ ਭਾਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਅਜਮੇਰ ਸਿੰਘ ਲੱਖੋਵਾਲ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਜਥੇਬੰਦੀ ਨੂੰ ਸਪਰੀਮ ਕੋਰਟ ਉੱਤੇ ਕੋਈ ਭਰੋਸਾ ਨਹੀਂ, ਜੇ ਖੇਤੀ ਸੁਧਾਰ ਬਿੱਲ ਵਾਪਸ ਕਰਵਾਉਣੇ ਹਨ ਤਾਂ ਸਰਕਾਰ ਨੂੰ ਅੰਦੋਲਨ ਨਾਲ ਝੁਕਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਬਾਕੀ ਜਥੇਬੰਦੀਆਂ ਦੇ ਨਾਲ ਖੜੇ ਹਨ ਅਤੇ ਅੰਦੋਲਨ ਵਿੱਚ ਇਨ੍ਹਾਂ ਜਥੇਬੰਦੀਆਂ ਦਾ ਸਾਥ ਦੇਣਗੇ।

## ਸਾਬਕਾ ਆਈ ਜੀ ਉਮਰਾਨੰਗਲ ਦੀ ਜ਼ਮਾਨਤ ਦੀ ਫਾਈਲ ਅਦਾਲਤ ਵੱਲੋਂ ਬੰਦ

ਫਰੀਦਕੋਟ, 6 ਅਕਤੂਬਰ, (ਪੋਸਟ ਬਿਊਰੋ)- ਅਕਾਲੀ-ਭਾਜਪਾ ਰਾਜ ਵਿੱਚ ਵਾਪਰੇ ਬਹਿਬਲ ਕਲਾਂ ਗੋਲੀ ਕਾਂਡ ਦੇ ਕੇਸ ਵਿੱਚ ਬੀਤੀ 28 ਸਤੰਬਰ ਨੂੰ ਦੋਸ਼ੀ ਨਾਮਜ਼ਦ ਕੀਤੇ ਸਸਪੈਂਡਿਡ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਨੂੰ ਸ਼ੈਸ਼ਨ ਕੋਰਟ ਸੁਮਿਤ ਮਲਹੋਤਰਾ ਦੀ ਅਦਾਲਤ ਨੇ ਹਾਈ ਕੋਰਟ ਤੋਂ ਮਿਲੀ ਅੰਤਰਿਮ ਰਾਹਤ ਵੱਲ ਦੇਖਦੇ ਹੋਏ ਗੈਰ ਜ਼ਰੂਰੀ ਅਰਜ਼ੀ ਮੰਨ ਕੇ ਫਾਈਲ ਬੰਦ ਕਰ ਦਿੱਤੀ ਹੈ।

ਵਰਨਣ ਯੋਗ ਹੈ ਕਿ ਪੰਜ ਸਾਲ ਪੁਰਾਣੇ ਬਹਿਬਲ ਕਲਾਂ ਗੋਲੀ ਕਾਂਡ ਕੇਸ ਦੀ ਜਾਂਚ ਕਰਦੇ ਆਈ ਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੇ ਕੇਸ ਵਿੱਚ 28 ਸਤੰਬਰ ਨੂੰ ਉਸ ਵਕਤ ਦੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਸੁਮੇਧ ਸਿੰਘ ਸੈਣੀ ਅਤੇ ਆਈ ਜੀ ਉਮਰਾਨੰਗਲ ਨੂੰ ਨਾਮਜਦ ਕੀਤਾ ਸੀ। ਮੁਲਜ਼ਮ ਬਣਾਏ ਜਾਣ ਤੋਂ ਅਗਲੇ ਦਿਨ ਆਈ ਜੀ ਉਮਰਾਨੰਗਲ ਦੇ ਵਕੀਲ ਨੇ ਅਦਾਲਤ ਵਿੱਚ ਅਗਾਊਂ ਜ਼ਮਾਨਤ ਦੀ ਅਰਜ਼ੀ ਪੇਸ਼ ਕੀਤੀ ਸੀ, ਜਿਸ ਦੀ ਸੁਣਵਾਈ ਪਹਿਲਾਂ 1 ਅਕਤੂਬਰ ਨੂੰ ਸੀ, ਪਰ ਬਾਅਦ ਵਿੱਚ 6 ਅਕਤੂਬਰ ਰੱਖੀ ਗਈ ਸੀ। ਅੱਜ ਦੀ ਸੁਣਵਾਈ ਦੌਰਾਨ ਬਹਿਸ ਲਈ ਐੱਸ ਆਈ ਟੀ ਵਲੋਂ ਆਏ ਸਰਕਾਰੀ ਵਕੀਲ ਰਜਨੀਸ਼ ਗੋਇਲ ਨੇ ਅਦਾਲਤ ਨੂੰ ਦੱਸਿਆ ਕਿ ਉਮਰਾਨੰਗਲ ਨੂੰ ਹਾਈ ਕੋਰਟ ਤੋਂ ਬਲੈਂਕਟ ਬੇਲ ਮਿਲੀ ਹੋਈ ਹੈ, ਜਿਸ ਵਿੱਚ ਕਿਸੇ ਵੀ ਕੇਸ ਵਿੱਚ ਐੱਸ ਆਈ ਟੀ ਨੂੰ ਉਨਾਂ ਨੂੰ ਜਾਂਚ ਵਿੱਚ ਸ਼ਾਮਲ ਕਰਨ ਜਾਂ ਗ੍ਰਿਫਤਾਰੀ ਤੋਂ ਪਹਿਲਾਂ 7 ਦਿਨਾ ਨੋਟਿਸ ਦੇਣਾ ਹੋਵੇਗਾ ਅਤੇ ਹਾਈ ਕੋਰਟ ਦੇ ਇਸ ਫੈਸਲੇ ਨੂੰ ਸਟੇਟ ਵਲੋਂ ਚੁਣੌਤੀ ਵੀ ਦਿੱਤੀ ਗਈ ਹੈ। ਅਜੇ ਤੱਕ ਐੱਸ ਆਈ ਟੀ ਵਲੋਂ ਕੋਈ ਨੋਟਿਸ ਉਮਰਾਨੰਗਲ ਨੂੰ ਨਹੀਂ ਦਿੱਤਾ ਗਿਆ, ਜਿਸ ਕਰ ਕੇ ਉਨਾਂ ਆਪਣੀ ਗ੍ਰਿਫਤਾਰੀ ਦੇ ਡਰ ਹੇਠ ਅਦਾਲਤ ਵਿੱਚ ਅਗਾਊਂ ਜਮਾਨਤ ਦੀ ਅਰਜੀ ਦਿੱਤੀ ਹੈ।

jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

REXDALE FINANCIAL SERVICES
WE HELP YOU START, GROW AND SUCCEED

We bring Canada's leading lenders to you
The Mortgage Centre

I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated

Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

Increase Your Cash Flow by up to 50%

YOU NEED A MORTGAGE?
WE'LL ARANGE IT FOR YOU
NO MATTER WHAT YOUR REASON IS!

Self Employed or Unemployed
Each Mortgage Centre is independently owned and operated



19 Woodbine Downs Blvd,
#201, Etobicoke, ON M9W 6N5

Jaspal Singh Gahunia
#M08006400
416.677.0047


ShergGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA, LL.B.)
Tel: 905-790-3636



2565 Steeles Ave E Unit #20, Brampton, ON L6T 4L6



Emergency Contact:
416.910.5676
www.shergilllawfirm.ca

## ਅੱਜ ਨਾਮਾ

ਚੜ੍ਹਦੀ ਜਾਂਦੀ ਕਿਸਾਨਾਂ ਦੀ ਲਹਿਰ ਚੋਖੀ,
ਔਖੀ ਫਸੀ ਪਈ ਕੇਂਦਰ ਸਰਕਾਰ ਬੇਲੀ।
ਜਿਹੜੀ ਧਾੜ ਉਸ ਪਿੰਡਾਂ ਦੇ ਵੱਲ ਭੇਜੀ,
ਕਰਨ ਕੇਂਦਰ ਲਈ ਭਲਾ ਪ੍ਰਚਾਰ ਬੇਲੀ।
ਉਹ ਵੀ ਸੁਣੀ ਕਿ ਕੰਨਾਂ ਨੂੰ ਹੱਥ ਲਾਵੇ,
ਹਾਲਤ ਕਾਬੂ ਤੋਂ ਹੋਈ ਆ ਪਾਰ ਬੇਲੀ।
ਪਹਿਲਾਂ ਗੱਲ ਨਾ ਕਿਸੇ ਦੀ ਸਨ ਸੁਣਦੇ,
ਲੱਗੇ ਆਪ ਖੜਕਾਉਣ ਆ ਤਾਰ ਬੇਲੀ।
ਆਉਂਦੇ ਸੱਦੇ ਬੇਸ਼ੱਕ ਬਈ ਵਾਰਤਾ ਦੇ,
ਲੱਗਦੀ ਅਜੇ ਵੀ ਕੋਈ ਹੈ ਚਾਲ ਬੇਲੀ।
ਏਨਾ ਨਰਮ ਨਹੀਂ ਮੋਦੀ ਹੈ ਹੋਣ ਲੱਗਾ,
ਲੱਗਦਾ ਸੁੱਟਣਾ ਨਵਾਂ ਕੁਝ ਜਾਲ ਬੇਲੀ।

ਤੀਸ ਮਾਰ ਖਾਂ

ਮਾਮਲਾ ਖੇਤੀ ਬਿੱਲਾਂ ਦੇ ਵਿਰੋਧ ਦਾ

# ਹਰਿਆਣਾ ਵਿੱਚ ਡਿਪਟੀ ਮੁੱਖ ਮੰਤਰੀ ਦੇ ਘਰ ਅੱਗੇ ਕਿਸਾਨਾਂ ਉੱਤੇ ਭਾਰੀ ਲਾਠੀਚਾਰਜ

* ਅੱਥਰੂ ਗੈਸ ਦੇ ਗੋਲੇ ਛੱਡੇ ਗਏ, ਕਈ ਕਿਸਾਨ ਜ਼ਖ਼ਮੀ



ਸਿਰਸਾ, 6 ਅਕਤੂਬਰ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਖੇਤੀ ਬਿੱਲਾਂ ਦੇ ਵਿਰੋਧ ਵਿੱਚ ਹਰਿਆਣਾ ਦੇ ਡਿਪਟੀ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਦੇ ਘਰ ਦਾ ਘਿਰਾਉ ਕਰਦੇ ਕਿਸਾਨਾਂ ਉੱਤੇ ਅੱਜ ਸਿਰਸਾ ਪੁਲਿਸ ਨੇ ਭਾਰੀ ਲਾਠੀਚਾਰਜ ਕੀਤਾ ਤੇ ਅੱਥਰੂ ਗੈਸ ਦੇ ਗੋਲੇ ਛੱਡੇ, ਜਿਸ ਨਾਲ ਕਈ ਕਿਸਾਨ ਨੇਤਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਗੁੱਸੇ ਵਿਚ ਆਏ ਕਿਸਾਨਾਂ ਨੇ ਪੁਲਿਸ ਦੇ ਬੈਰੀਕੇਡ ਤੋੜ ਦਿਤੇ ਤੇ ਕੇਂਦਰ ਅਤੇ ਰਾਜ ਸਰਕਾਰ ਵਿਰੁੱਧ ਜ਼ੋਰਦਾਰ ਨਾਹਰੇਬਾਜ਼ੀ ਕੀਤੀ।
ਵਰਨਣ ਯੋਗ ਹੈ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵਲੋਂ ਲਿਆਂਦੇ ਨਵੇਂ ਕਾਨੂੰਨਾਂ ਵਿਰੁੱਧ ਕਿਸਾਨਾਂ-ਮਜ਼ਦੂਰਾਂ ਅਤੇ ਵਪਾਰੀਆਂ ਨੇ ਅੱਜ ਸਿਰਸਾ ਦੇ ਦੁਸ਼ਿਹਰਾ ਗਰਾਊਂਡ ਵਿਖੇ ਇਕੱਠੇ ਹੋ ਕੇ ਕੇਂਦਰ ਤੇ ਰਾਜ ਸਰਕਾਰ ਵਿਰੁੱਧ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਰੋਸ ਕਰਦੇ ਕਿਸਾਨਾਂ ਦਾ ਕਹਿਣਾ ਸੀ ਕਿ ਹਰਿਆਣਾ ਦੀਆਂ ਸਭ ਕਿਸਾਨ ਜਥੇਬੰਦੀਆਂ ਨੇ ਨਵੇਂ ਖੇਤੀ ਕਾਨੂੰਨਾਂ ਵਿਰੁੱਧ ਡਿਪਟੀ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਅਤੇ ਬਿਜਲੀ ਮੰਤਰੀ ਚੌਧਰੀ ਰਣਜੀਤ ਸਿੰਘ ਦੇ ਘਰ ਘੇਰ ਕੇ ਉਨ੍ਹਾਂ ਨੂੰ ਕਿਸਾਨਾਂ ਦੇ ਹੱਕ ਵਿਚ ਡਟਣ ਇਨ੍ਹਾਂ ਤੇ ਭਾਜਪਾ ਸਰਕਾਰ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰਨ ਨੂੰ ਕਿਹਾ ਹੈ। ਹਰਿਆਣਾ ਕਿਸਾਨ ਮੰਚ ਦੇ ਪ੍ਰਦੇਸ਼ ਪ੍ਰਧਾਨ ਯੋਗੇਂਦਰ ਯਾਦਵ, ਕਿਸਾਨ ਨੇਤਾ ਗੁਰਨਾਮ ਸਿੰਘ ਚੜੂਨੀ, ਪੰਜਾਬੀ ਗਾਇਕ ਹਰਫ ਚੀਮਾ, ਪ੍ਰਲਾਹਦ ਸਿੰਘ ਭਾਰੂਖੇੜਾ, ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ, ਸਵਰਨ ਸਿੰਘ ਵਿਰਕ, ਸੰਤ ਬਾਬਾ ਬਲਜੀਤ ਸਿੰਘ ਦਾਦੂਵਾਲ ਤੇ ਹੋਰਨਾਂ ਦਾ ਕਹਿਣਾ ਹੈ ਕਿ ਹਰਿਆਣਾ ਰਾਜ ਦੇ ਸਿਰਸਾ ਸਮੇਤ ਕਈ ਜ਼ਿਲ੍ਹਿਆਂ ਵਿਚ ਖੇਤੀ ਕਾਨੂੰਨਾਂ ਵਿਰੁੱਧ ਕਿਸਾਨਾਂ ਵੱਲੋਂ ਰੋਸ ਜਾਰੀ ਹੈ ਤੇ ਲੋਕ ਇਨ੍ਹਾਂ ਕਾਨੂੰਨਾਂ ਵਿਰੁੱਧ ਲਾਮਬੰਦ ਹੋ ਰਹੇ ਹਨ। ਇਨ੍ਹਾਂ ਆਗੂਆਂ ਦਾ ਕਹਿਣਾ ਹੈ ਕਿ ਖੇਤੀ ਕਾਨੂੰਨਾਂ ਵਿਰੁੱਧ ਕਿਸਾਨਾਂ ਵਲੋਂ ਜਿਥੇ ਭਾਜਪਾ ਆਗੂਆਂ ਦਾ ਬਾਈਕਾਟ ਦਾ ਸਿਲਸਿਲਾ ਜਾਰੀ ਹੈ, ਉਥੇ ਚੌਧਰੀ ਦੇਵੀ ਲਾਲ ਦੇ ਪੋਤੇ ਅਤੇ ਡਿਪਟੀ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਦਾ ਅਸਤੀਫਾ ਇਸ ਲਈ ਮੰਗਿਆ ਜਾ ਰਿਹਾ ਹੈ ਕਿ ਉਹ ਆਪਣੇ ਪਰਵਾਰ ਦੀ ਪਰੰਪਰਾ ਦੇ ਮੁਤਾਬਕ ਅੱਜ ਕਿਸਾਨਾਂ ਦੇ ਨਾਲ ਖੜਾ ਦਿੱਸਣਾ ਚਾਹੀਦਾ ਹੈ।
ਪਿਛਲੇ ਦਿਨੀਂ ਸਿਰਸਾ ਵਿਖੇ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਵਿਚ ਨਵੇਂ ਖੇਤੀ ਕਾਨੂੰਨਾਂ ਦੇ ਵਿਰੁੱਧ ਫ਼ੈਸਲਾ ਲਿਆ ਗਿਆ ਸੀ ਕਿ ਡਿਪਟੀ ਮੁੱਖ ਮੰਤਰੀ ਦੁਸ਼ਿਅੰਤ ਚੌਟਾਲਾ ਅਤੇ ਬਿਜਲੀ ਮੰਤਰੀ ਚੌਧਰੀ ਰਣਜੀਤ ਸਿੰਘ ਦੇ ਘਰਾਂ ਦਾ ਘੇਰਾਉ ਕਰ ਕੇ ਉਨ੍ਹਾਂ ਤੋਂ ਅਸਤੀਫ਼ੇ ਦੀ ਮੰਗ ਕੀਤੀ ਜਾਵੇਗੀ। ਅੱਜ ਜਦੋਂ ਕਿਸਾਨ ਇਸ ਮਕਸਦ ਲਈ ਦੁਸ਼ਿਅੰਤ ਚੌਟਾਲ ਦੇ ਘਰ ਵੱਲ ਘਿਰਾਉ ਕਰਨ ਜਾ ਰਹੇ ਸਨ ਤਾਂ ਪੁਲਸ ਨੇ ਸਖਤ ਲਾਠੀਚਾਰਜ ਕੀਤਾ ਅਤੇ ਅੱਥਰੂ ਗੈਸ ਦੇ ਗੋਲੇ ਛੱਡੇ, ਜਿਨ੍ਹਾਂ ਨਾਲ ਕਈ ਕਿਸਾਨ ਅਤੇ ਕਿਸਾਨ ਨੇਤਾ ਜ਼ਖ਼ਮੀ ਹੋ ਗਏ। ਇਸ ਦੌਰਾਨ ਪੱਥਰਬਾਜ਼ੀ ਹੋਣ ਦੀ ਖਬਰ ਵੀ ਹੈ।

## ਰਾਹੁਲ ਗਾਂਧੀ ਦੀ ਟਰੈਕਟਰ ਰੈਲੀ ਲੰਬੇ ਸੰਘਰਸ਼ ਪਿੱਛੋਂ ਹਰਿਆਣਾ ਵਿੱਚ ਦਾਖਲ





ਪਟਿਆਲਾ, 6 ਅਕਤੂਬਰ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਟਰੈਕਟਰ ਯਾਤਰਾ ਅੱਜ ਹਰਿਆਣਾ ਵਿੱਚ ਚਲੀ ਗਈ ਹੈ। ਇਸ ਦੌਰਾਨ ਟਰੈਕਟਰ ਦੀ ਕਮਾਨ ਸੁਨੀਲ ਜਾਖੜ ਨੇ ਸੰਭਾਲ ਲਈ ਸੀ ਤੇ ਹਰੀਸ਼ ਰਾਵਤ ਵੀ ਉਨ੍ਹਾਂ ਦੇ ਨਾਲ ਸਨ। ਇਸ ਤੋਂ ਪਹਿਲਾਂ ਰਾਹੁਲ ਗਾਂਧੀ ਦੀ ਟਰੈਕਟਰ ਰੈਲੀ ਦੇ ਹਰਿਆਣਾ ਵਿਚ ਦਾਖਲ ਹੋਣ ਦੇ ਵਕਤ ਟਕਰਾਅ ਵਰਗੇ ਹਾਲਾਤ ਹੋ ਗਏ ਸਨ। ਹਰਿਆਣਾ ਸਰਕਾਰ ਉਨ੍ਹਾਂ ਨੂੰ ਪੰਜਾਬ ਦੇ ਨੰਬਰ ਵਾਲੇ ਟਰੈਕਟਰ ਉੱਤੇ ਉਸ ਰਾਜ ਵਿੱਚ ਨਹੀਂ ਸੀ ਵੜਨ ਦੇਣਾ ਚਾਹੁੰਦੀ। ਤਕਰੀਬਨ ਪੌਣਾ ਘੰਟਾ ਹੋਈ ਗੱਲਬਾਤ ਤੋਂ ਪਿੱਛੋਂ ਰਾਹੁਲ ਨੂੰ ਹਰਿਆਣਾ ਵਿੱਚ ਦਾਖ਼ਲ ਹੋਣ ਦਿੱਤਾ ਗਿਆ, ਪਰ ਮਾਹੌਲ ਤਨਾਅ ਵਾਲਾ ਬਣਿਆ ਰਿਹਾ।
ਵਰਨਣ ਯੋਗ ਹੈ ਕਿ ਰਾਹੁਲ ਗਾਂਧੀ ਦੇ ਆਉਣ ਤੋਂ ਪਹਿਲਾਂ ਪੰਜਾਬ-ਹਰਿਆਣਾ ਦੇ ਸਰਹੱਦੀ ਖੇਤਰਾਂ ਵਿੱਚ ਮਾਹੌਲ ਤਣਾਅ ਵਾਲਾ ਹੋ ਗਿਆ ਤੇ ਆਮ ਦਿਨਾਂ ਨਾਲੋਂ ਲੋਕਾਂ ਦੀ ਆਵਾਜਾਈ ਘਟ ਗਈ ਸੀ। ਦੋਵੇਂ ਰਾਜਾਂ ਦੇ ਸਰਹੱਦੀ ਖੇਤਰ ਵਿੱਚ ਬੈਰੀਕੇਡਾਂ ਉੱਤੇ ਪੁਲਿਸ ਦਾ ਪਹਿਰਾ ਸੀ। ਸਰਹੱਦ ਉੱਤੇ ਮਾਰਕੰਡਾ ਪੁਲ਼ ਦੇ ਇਕ ਪਾਸੇ ਹਰਿਆਣਾ ਪੁਲਿਸ ਨੇ ਬੈਰੀਕੇਡਿੰਗ ਕਰ ਲਈ ਤੇ ਕਿਸੇ ਨੂੰ ਅੱਗੇ ਨਹੀਂ ਜਾਣ ਦਿੱਤਾ ਜਾਂਦਾ ਸੀ। ਜਦੋਂ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਹਰਿਆਣਾ ਪੁਲਿਸ ਨਾਲ ਗੱਲਬਾਤ ਕੀਤੀ ਤਾਂ ਪੁਲਿਸ ਅਫਸਰਾਂ ਨੇ ਕਿਹਾ ਕਿ ਪਰੋਟੋਕੋਲ ਹੇਠ ਅੱਗੇ ਨਹੀਂ ਜਾਣ ਦਿੱਤਾ ਜਾ ਸਕਦਾ। ਇਸ ਪਿੱਛੋਂ ਕਾਫੀ ਦੇਰ ਤਕ ਚੱਲੀ ਗੱਲਬਾਤ ਤੋਂ ਬਾਅਦ ਰਾਹੁਲ ਗਾਂਧੀ ਨੂੰ ਚਾਰ ਟਰੈਕਟਰਾਂ ਸਣੇ ਹਰਿਆਣੇ ਵਿਚ ਦਾਖ਼ਲ ਹੋਣ ਦਿੱਤਾ ਗਿਆ। ਉਨ੍ਹਾਂ ਦੇ ਟਰੈਕਟਰ ਦਾ ਵੀ ਵਿਵਾਦ ਹੋ ਗਿਆ ਸੀ। ਹਰਿਆਣਾ ਪੁਲਿਸ ਰਾਹੁਲ ਗਾਂਧੀ ਨੂੰ ਪੈਦਲ ਪੰਜਾਬ ਤੋਂ ਹਰਿਆਣਾ ਵਿਚ ਆਉਣ ਨੂੰ ਕਹਿੰਦੀ ਸੀ, ਪਰ ਰਾਹੁਲ ਟਰੈਕਟਰ ਉੱਤੇ ਹੀ ਆਉਣ ਲਈ ਅੜੇ ਹੋਏ ਸਨ। ਉਹ ਕਰੀਬ 25 ਮਿੰਟ ਪੰਜਾਬ ਸਰਹੱਦ ਵਿਚ ਮਾਰਕੰਡਾ ਪੁਲ ਉੱਤੇ ਖੜੇ ਰਹੇ। ਇਸ ਪਿੱਛੋਂ ਪੁਲਿਸ ਨਾਲ ਸਹਿਮਤੀ ਹੋ ਗਈ ਤਾਂ ਰਾਹੁਲ ਗਾਂਧੀ ਦੇ ਟਰੈਕਟਰ ਨੂੰ ਪਹਿਲਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਉੱਤੇ ਲੈ ਕੇ ਅੱਗੇ ਵਧੇ ਅਤੇ ਫਿਰ ਹਰਿਆਣਾ ਕਾਂਗਰਸ ਦੀ ਪ੍ਰਧਾਨ ਕੁਮਾਰੀ ਸ਼ੈਲਜਾ ਚਲਾ ਕੇ ਹਰਿਆਣਾ ਵਿਚ ਲੈ ਗਈ।

## ਭਾਰਤੀ ਆਨਲਾਈਨ ਅਪਰਾਧੀਆਂ ਨੇ ਬ੍ਰਿਟੇਨ ’ਚ ਭੜਥੂ ਪਾਇਆ

ਲੰਡਨ, 6 ਅਕਤੂਬਰ (ਪੋਸਟ ਬਿਊਰੋ)- ਭਾਰਤ ਅਤੇ ਬ੍ਰਿਟੇਨ ਨੇ ਕੰਪਿਊਟਰ ਸਾਫਟਵੇਅਰ ਨਾਲ ਹੋਣ ਵਾਲੇ ਅਪਰਾਧਾਂ ਦੇ ਖਿਲਾਫ ਸਾਂਝੀ ਮੁਹਿੰਮ ਛੇੜਦਿਆਂ ਭਾਰਤ ਦੇ ਛੇ ਸ਼ਹਿਰਾਂ ਦੇ ਦਸ ਦਫਤਰਾਂ ਵਿੱਚ ਛਾਪਾ ਮਾਰਿਆ ਹੈ।
ਲੰਡਨ ਪੁਲਸ ਅਤੇ ਸੀ ਬੀ ਆਈ ਨੇ ਇਹ ਸਾਂਝੀ ਕਾਰਵਾਈ 17 ਦਸੰਬਰ ਨੂੰ ਕੀਤੀ ਸੀ ਅਤੇ ਪੂਰੀ ਮੁਹਿੰਮ ਵਿੱਚ ਦੋਵਾਂ ਦੇਸ਼ਾਂ ਦੇ 37 ਕਾਲ ਸੈਂਟਰਾਂ ਖਿਲਾਫ ਕਾਰਵਾਈ ਕਰ ਕੇ 88 ਲੋਕ ਗ੍ਰਿਫਤਾਰ ਕੀਤੇ ਗਏ ਹਨ। ਲੰਡਨ ਪੁਲਸ ਮੁਤਾਬਕ ਇੱਕ ਬ੍ਰਿਟਿਸ਼ ਨਾਗਰਿਕ ਦੀ ਅਗਵਾਈ ਵਿੱਚ ਕੀਤੇ ਗਏ ਇਨ੍ਹਾਂ ਘੁਟਾਲਿਆਂ ਵਿੱਚ ਬ੍ਰਿਟੇਨ ਦੇ ਲੋਕ ਨਿਸ਼ਾਨਾ ਬਣਾਏ ਗਏ ਸਨ। ਭਾਰਤ ਵਿਚਲੇ ਦਫਤਰਾਂ ਨੂੰਇਨ੍ਹਾਂ ਘੁਟਾਲਿਆਂ ਵਿੱਚ ਵਰਤਿਆ ਗਿਆ ਸੀ। ਭਾਰਤ ਵਿੱਚ ਕਾਰਵਾਈ ਸੀ ਬੀ ਆਈ ਦੇ ਸਹਿਯੋਗ ਨਾਲ ਕੀਤੀ ਗਈ ਹੈ ਅਤੇ ਇਹ ਅੱਗੇ ਵੀ ਜਾਰੀ ਰਹੇਗੀ। ਇਸ ਦੌਰਾਨ ਸੀ ਬੀ ਆਈ ਨੂੰ ਉਹ ਸਾਰੇ ਸਬੂਤ ਹਾਸਲੇ ਕਰਵਾਏ ਗਏ, ਜਿਹੜੇ ਪੀੜਤ ਲੋਕਾਂ ਤੋਂਮਿਲੇ ਸਨ ਤੇ ਬ੍ਰਿਟਿਸ਼ ਪੁਲਸ ਨੇ ਆਪਣੀ ਜਾਂਚ ਵਿੱਚ ਲੱਭੇ ਸਨ। ਮਿਲੇ ਸਬੂਤਾਂ ਦੇ ਆਧਾਰ ਉਤੇ ਸੀ ਬੀ ਆਈ ਨੇ ਲੰਡਨ ਪੁਲਸ ਦੀ ਪੂਰੀ ਮਦਦ ਕੀਤੀ ਅਤੇ ਉਹ ਮਾਮਲੇ ਨੂੰ ਭਾਰਤੀ ਅਦਾਲਤ ਵਿੱਚ ਲਿਜਾ ਕੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦਾ ਪੂਰਾ ਯਤਨ ਕਰੇਗੀ। ਲੰਡਨ ਪੁਲਸ ਦੇ ਖੁਫੀਆ ਮਾਮਲਿਆਂ ਦੇ ਚੀਫ ਸੁਪਰਡੈਂਟ ਅਲੈਕਸ ਰਾਥਵੈਲ ਨੇ ਦੱਸਿਆ ਕਿ ਭਾਰਤ ਵਿੱਚ ਲਾਕਡਾਊਨ ਦੌਰਾਨ ਬ੍ਰਿਟੇਨ ਵਿੱਚ ਆਨਲਾਈਨ ਫਰਾਡ ਦੇ ਮਾਮਲਿਆਂ ਵਿੱਚ ਕਾਫੀ ਕਮੀ ਦੇਖੀ ਗਈ। ਇਸ ਦਾ ਕਾਰਨ ਘੁਟਾਲੇ ਵਿੱਚ ਸ਼ਾਮਲ ਦਫਤਰ ਬੰਦ ਸਨ ਤੇ ਵਧੇਰੇ ਘੁਟਾਲੇ ਨਹੀਂ ਹੋ ਸਕੇ, ਪਰ ਅਪਰਾਧੀ ਆਪਣਾ ਕੰਮ ਜਾਰੀ ਰੱਖਣ ਦੀ ਲਗਾਤਾਰ ਕੋਸ਼ਿਸ਼ ਕਰਦੇ ਹਨ।

## ਪੱਤਰਕਾਰ ਵੱਲੋਂ ਚੀਨ ਦੇ ਸ਼ਿਨਜਿਆਂਗ ਖੇਤਰ ਵਿਚ ਸੱਭਿਆਚਾਰਕ ਕਤਲੇਆਮ ਦਾ ਦੋਸ਼

ਵਾਸ਼ਿੰਗਟਨ, 6 ਅਕਤੂਬਰ (ਪੋਸਟ ਬਿਊਰੋ)- ਦਿ ਅਟਲਾਂਟਿਕ ਮੈਗਜ਼ੀਨ ਨੇ ਦੱਸਿਆ ਹੈ ਕਿ ਸ਼ਿਨਜਿਆਂਗ ਵਿੱਚ ਚੀਨ ਸੱਭਿਆਚਾਰਕ ਕਤਲੇਆਮ ਕਰ ਰਿਹਾ ਹੈ ਅਤੇ ਜਾਤੀ ਘੱਟ ਗਿਣਤੀਆਂ ਖ਼ਿਲਾਫ਼ ਇਸ ਦੇ ਜ਼ਾਮਲ ਯਤਨ ਉਈਗਰ ਲੋਕਾਂ ਨੂੰ ਚੀਨੀਆਂ ’ਚ ਸ਼ਾਮਲ ਕਰਨ ਅਤੇ ਉਨ੍ਹਾਂ ਦੀ ਸੱਭਿਆਚਾਰਕ ਅਤੇ ਧਾਰਮਿਕ ਪਛਾਣ ਮਿਟਾਉਣ ਵਾਲੇ ਹਨ।
ਅਮਰੀਕੀ ਮੈਗਜ਼ੀਨ ਦਿ ਅਟਲਾਂਟਿਕ ਵਿੱਚ ਪੱਤਰਕਾਰ ਯਾਸਮੀਨ ਸੇਰਾਨ ਲਿਖਦੀ ਹੈ ਕਿ ਘੱਟ ਗਿਣਤੀਆਂ ਖ਼ਿਲਾਫ਼ ਜ਼ਾਲਮ ਕਦਮ ਵਧ ਗਏ ਹਨ। ਚੀਨੀ ਸਰਕਾਰ ਨੇ 1 ਮਿਲੀਅਨ ਤੋਂਵੱਧ ਲੋਕ ਨੂੰ ਕੈਂਪਾਂ ਵਿੱਚ ਬੰਦ ਕਰ ਦਿੱਤਾ ਹੈ, ਜਿੱਥੇ ਉਨ੍ਹਾਂ ਨੂੰ ਰਾਜਨੀਤਕ ਤੰਗਨਜ਼ਰੀ, ਜਬਰਨ ਨਸਬੰਦੀ ਤੇ ਤਸੀਹੇ ਦਾ ਸਾਹਮਣਾ ਕਰਨਾ ਪੈਂਦਾ ਹੈ। ਸਾਲ 2016 ਤੋਂਓਥੇ ਦਰਜਨਾਂ ਕਬਰਸਤਾਨਾਂ ਅਤੇ ਧਾਰਮਿਕ ਸਥਾਨਾਂ ਨੂੰ ਨਸ਼ਟ ਕਰ ਦਿੱਤਾ ਗਿਆ ਹੈ। ਉਈਗਰ ਭਾਸ਼ਾ ਉੱਤੇ ਪਾਬੰਦੀ ਲਾ ਕੇ ਸ਼ਿਨਜਿਆਂਗ ਦੇ ਸਕੂਲਾਂ ਵਿੱਚ ਚੀਨ ਦੀ ਮੰਦਾਰਿਨ ਭਾਸ਼ਾ ਨੂੰ ਸ਼ੁਰੂ ਕਰ ਦਿੱਤਾ ਗਿਆ ਹੈ। ਇਸ ਹਾਲਤ ਵਿੱਚ ਸੱਭਿਆਚਾਰ ਨੂੰ ਬਚਾਉਣ ਦਾ ਬੋਝ ਦੇਸ਼ ਦੇ ਬਾਹਰ ਰਹਿੰਦੇ ਉਈਗਰਾਂ ’ਤੇ ਹੈ। ਸੇਰਾਨ ਨੇ ਕਿਹਾ ਕਿ ਹੋਰ ਦੇਸ਼ਾਂ ’ਚ ਰਹਿੰਦੇ ਉਈਗਰਾਂ ਉਤੇ ਬੋਝ ਸਿਰਫ਼ ਉਨ੍ਹਾਂ ਦੇ ਦੇਸ਼ ’ਚ ਜੋ ਰਿਹਾ ਹੈ, ਇਸ ਬਾਰੇ ਜਾਗਰੂਕਤਾ ਵਧਾਉਣ ਦੇ ਬੋਝ ਤੋਂ ਜ਼ਿਆਦਾ ਹੈ। ਇਹ ਉਨ੍ਹਾਂ ਦੇਸ਼ਾਂ ’ਚ ਆਪਣੀ ਪਛਾਣ ਨੂੰ ਬਚਾਉਣ ਅਤੇ ਉਤਸ਼ਾਹ ਦੇਣ ਬਾਰੇ ਵੀ ਹੈ, ਜਿੱਥੇ ਬਹੁਤ ਘੱਟ ਲੋਕ ਇਹ ਜਾਣਦੇ ਹਨ ਕਿ ਉਈਗਰ ਕੌਣ ਹਨ। ਦੁਨੀਆ ਨੂੰ ਆਪਣੀ ਭਾਸ਼ਾ, ਭੋਜਨ, ਕਲਾ ਅਤੇ ਪ੍ਰੰਪਰਾਵਾਂ ਗੁਆਚਣ ਦੇ ਖ਼ਿਲਾਫ਼ ਇਕੱਠੇ ਕਰ ਕੇ ਖੜਾ ਕਰਨਾ ਚਾਹੀਦਾ ਹੈ।ਉਈਗਰ ਹਿਊਮਨ ਰਾਈਟਸ ਪ੍ਰਾਜੈਕਟ ਦੇ ਡਾਇਰੈਕਟਰ ਓਮੇਰ ਕਨਾਟ ਨੇ ਕਿਹਾ ਕਿ ਅਸੀਂ ਰਾਤ ਨੂੰ ਸੌਂ ਨਹੀਂ ਸਕਦੇ। ਉਨ੍ਹਾਂ ਅਨੁਸਾਰ ਗਾਇਕਾਂ, ਸੰਗੀਤਕਾਰਾਂ, ਨਾਵਲਕਾਰਾਂ, ਵਿਦਵਾਨਾਂ ਅਤੇ ਸਿੱਖਿਆ ਮਾਹਿਰਾਂ ਸਮੇਤ ਸੈਂਕੜੇ ਪ੍ਰਮੁੱਖ ਉਈਗਰ ਸੱਭਿਆਚਾਰਕ ਹਸਤੀਆਂ ਨੂੰ 2017 ਤੋਂ ਹਿਰਸਾਤ ’ਚ ਲਿਆ ਗਿਆ, ਕੈਦ ਕੀਤਾ ਗਿਆ ਜਾਂ ਗਾਇਬ ਕਰ ਦਿੱਤਾ ਗਿਆ ਹੈ ਅਤੇ ਅਜਿਹੀਆਂ ਕਈ ਮਿਸਾਲਾਂ ਹਨ।

# ਮੋਗਾ ਰੈਲੀ ਵਿੱਚ ਨਵਜੋਤ ਸਿੱਧੂ ਦੀ ਕੌੜ ਬਾਰੇ ਸੁਖਜਿੰਦਰ ਰੰਧਾਵਾ ਨੇ ਆਪਣਾ ਪੱਖ ਰੱਖਿਆ

* ਸਿੱਧੂ ਮੇਰੇ ਨਾਲ ਉਲਝਿਆ ਤਾਂ ਵੇਖ ਲਵਾਂਗਾ: ਰੰਧਾਵਾ



ਚੰਡੀਗੜ੍ਹ, 6 ਅਕਤੂਬਰ, (ਪੋਸਟ ਬਿਊਰੋ)- ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਦੀ ਆਮਦ ਮੌਕੇ ਮੋਗਾ ਕਿਸਾਨ ਰੈਲੀ ਦੇ ਮੰਚ ਉੱਤੇ ਨਵਜੋਤ ਸਿੰਘ ਸਿੱਧੂ ਅਤੇ ਕੋਆਪਰੇ-ਟਿਵ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵਿਚਾਲੇ ਗਰਮਾ-ਗਰਮੀ ਦਾ ਮੁੱਦਾ ਅਜੇ ਚਰਚਾ ਵਿੱਚ ਹੈ ਕਿ ਸੁਖਜਿੰਦਰ ਸਿੰਘ ਰੰਧਾਵਾ ਨੇ ਅੱਜ ਇਹ ਕਹਿ ਦਿੱਤਾ ਹੈ ਕਿ ‘ਜੇ ਸਿੱਧੂ ਕਦੇ ਮੇਰੇ ਨਾਲ ਨਿੱਜੀ ਤੌਰ ਉੱਤੇ ਉਲਝੇਗਾ ਤਾਂ ਮੈਂ ਉਸ ਨੂੰ ਆਪਣੇ ਪੱਧਰ ਉੱਤੇ ਦੇਖ ਲਵਾਂਗਾ, ਸਭ ਨੂੰ ਮੇਰੀ ਆਦਤ ਚੰਗੀ ਤਰ੍ਹਾਂ ਪਤਾ ਹੈ।’ ਫਿਰ ਵੀ ਨਵਜੋਤ ਸਿੱਧੂ ਦੀ ‘ਘੋੜੇ’ ਵਾਲੀ ਟਿੱਪਣੀ ਉੱਤੇ ਰੰਧਾਵਾ ਖੁੱਲ੍ਹ ਕੇ ਨਹੀਂ ਬੋਲੇ ਅਤੇ ਸਿਰਫ਼ ਇੰਨਾ ਕਿਹਾ ਕਿ ‘ਨਵਜੋਤ ਸਿੱਧੂ ਨੇ ਮੈਨੂੰ ਕਿਹੜਾ ਗਧਾ ਕਹਿ ਦਿੱਤਾ ਹੈ।’
ਨਵਜੋਤ ਸਿੱਧੂ ਨਾਲ ਹੋਏ ਟਕਰਾਅ ਬਾਰੇ ਅੱਜ ਚੰਡੀਗੜ੍ਹ ਵਿਚ ਸੁਖਜਿੰਦਰ ਸਿੰਘ ਰੰਧਾਵਾ ਨੇ ਬੜੇ ਸੰਕੋਚਵੇਂ ਜਿਹੇ ਜਵਾਬ ਦਿੱਤੇ ਤੇ ਇਹ ਪੁੱਛਣ ਉੱਤੇ ਕਿ ਨਵਜੋਤ ਸਿੱਧੂ ਨੇ ਸਲਿਪ ਦੇਣ ਉੱਤੇ ਤੁਹਾਨੂੰ ਕਿਹਾ ਸੀ ਕਿ ‘ਅੱਜ ਨਾ ਰੋਕ, ਘੋੜੇ ਨੂੰ ਇਸ਼ਾਰਾ ਬਹੁਤ ਹੁੰਦਾ ਏ, ਹੋਰ ਕਿਸੇ ਦੇ ਲੱਤਾਂ ਮਾਰੀਂ’ ਇਸ ਉੱਤੇ ਰੰਧਾਵਾ ਨੇ ਕਿਹਾ ਕਿ ‘ਸਿੱਧੂ ਨੇ ਕਿਹੜਾ ਮੈਨੂੰ ਗਧਾ ਕਿਹਾ ਹੈ। ਉਸ ਨੇ ਕਿਹਾ ਸੀ ਕਿ ਘੋੜੇ ਨੂੰ ਇਸ਼ਾਰਾ ਕਾਫ਼ੀ ਹੈ। ਜਿੱਥੇ ਤੱਕ ਲੱਤਾਂ ਵਾਲੀ ਟਿੱਪਣੀ ਦੀ ਗੱਲ ਹੈ ਤਾਂ ਉਸ ਬਾਰੇ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨੂੰ ਜਵਾਬ ਦੇਣਾ ਚਾਹੀਦਾ ਹੈ, ਕਿਉਂਕਿ ਮੈਂ ਰਾਵਤ ਦੇ ਕਹਿਣ ਉੱਤੇ ਸਿੱਧੂ ਕੋਲ ਗਿਆ ਸਾਂ, ਇਸ ਤੋਂ ਵੱਧ ਮੈਂ ਕੁਝ ਨਹੀਂ ਕਹਿਣਾ, ਕਿਉਂਕਿ ਮੈਂ ਆਪਣੀ ਪਾਰਟੀ ਵੀ ਦੇਖਣੀ ਹੈ। ਉਂਝ ਜਦੋਂ ਸਟੇਜ ਉੱਤੇ ਹਾਈ ਕਮਾਨ ਹੋਵੇ ਤਾਂ ਹਾਈ ਕਮਾਨ ਦੇ ਆਦੇਸ਼-ਨਿਰਦੇਸ਼ ਸਭ ਤੋਂ ਉਪਰ ਹੁੰਦੇ ਹਨ ਅਤੇ ਸਥਾਨਕ ਪੱਧਰ ਦੀਆਂ ਗੱਲਾਂ ਦੀ ਕੋਈ ਮਹੱਤਵ ਨਹੀਂ ਹੁੰਦਾ।’ ਇਹ ਪੁੱਛਣ ਉੱਤੇ ਕਿ ਤੁਸੀਂ ਸਿੱਧੂ ਬਾਰੇ ਮੁੱਖ ਮੰਤਰੀ ਨੂੰ ਕੋਈ ਸ਼ਿਕਾਇਤ ਕੀਤੀ, ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਕੀ ਸ਼ਿਕਾਇਤ ਕਰਨੀ ਹੈ, ਜੋ ਹੋਇਆ, ਸਭ ਦੇ ਸਾਹਮਣੇ ਹੋਇਆ ਸੀ, ਮੰਚ ਉੱਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਰਾਹੁਲ ਗਾਂਧੀ ਅਤੇ ਪੰਜਾਬ ਦੇ ਇੰਚਾਰਜ ਹਰੀਸ਼ ਰਾਵਤ ਵੀ ਮੌਜੂਦ ਸਨ। ਹਰੀਸ਼ ਰਾਵਤ ਨੇ ਸਲਿਪ ਦਿੱਤੀ ਸੀ, ਜਿਸ ਨੂੰ ਮੈਂ ਸਿੱਧੂ ਦੇ ਅੱਗੇ ਰੱਖਿਆ ਸੀ।’
ਵਰਨਣ ਯੋਗ ਹੈ ਕਿ ਸੁਖਜਿੰਦਰ ਸਿੰਘ ਰੰਧਾਵਾ ਤੇ ਨਵਜੋਤ ਸਿੰਘ ਸਿੱਧੂ ਪਹਿਲੀ ਵਾਰ ਆਹਮਣੇ-ਸਾਹਮਣੇ ਨਹੀਂ ਆਏ, ਇਸ ਤੋਂ ਪਹਿਲਾਂ ਵੀ ਕੌੜੀ ਬਿਆਨਬਾਜ਼ੀ ਹੁੰਦੀ ਰਹੀ ਹੈ। ਬੇਅਦਬੀ ਕੇਸ ਵਿਚ ਨਵਜੋਤ ਸਿੰਘ ਸਿੱਧੂ ਦੇ ਕਾਂਗਰਸ-ਅਕਾਲੀ ਦੇ ‘ਫਿਕਸ ਮੈਚ’ ਵਾਲੇ ਬਿਆਨ ਉੱਤੇ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਸੀ ਕਿ ‘ਸਿੱਧੂ ਦੇ ਬਿਆਨ ਚੋਣ ਵਿਚ ਬਾਦਲ ਪਰਿਵਾਰ ਦੀ ਮਦਦ ਕਰਨ ਵਾਲੇ ਹਨ। ਬੇਅਦਬੀ ਕੇਸ ਵਿਚ ਸਿੱਧੂ ਨੇ ਕਦੇ ਵਿਧਾਨ ਸਭਾ ਵਿੱਚ ਆਵਾਜ਼ ਨਹੀਂ ਸੀ ਚੁੱਕੀ। ਨਵਜੋਤ ਸਿੰਘ ਸਿੱਧੂ ਤੋਂ ਕਾਂਗਰਸ ਵਿਚ ਮੇਰੀ ਉਮਰ ਜ਼ਿਆਦਾ ਹੈ।’ ਇਸੇ ਤਰ੍ਹਾਂ ਸਿੱਧੂ ਦੇ ਕੈਬਨਿਟ ਬੈਠਕ ਤੋਂ ਗੈਰ ਹਾਜ਼ਰ ਰਹਿ ਕੇ ਵੱਖਰੀ ਪ੍ਰੈੱਸ ਕਾਨਫਰੰਸ ਕਰਨ ਉੱਤੇ ਵੀ ਰੰਧਾਵਾ ਨੇ ਸਿੱਧੂ ਨੂੰ ਅਨੁਸ਼ਾਸਨ ਭੰਗ ਕਰਨ ਵਾਲਾ ਕਿਹਾ ਸੀ।
ਮੋਗਾ ਰੈਲੀ ਵਿਚ ਨਵਜੋਤ ਸਿੰਘ ਸਿੱਧੂ ਜਦੋਂ ਬੋਲਣ ਲਈ ਉੱਠੇ, ਉਦੋਂ ਹੀ ਉਨ੍ਹਾਂ ਦੀ ਰੁਖ ਕਾਫ਼ੀ ਤਿੱਖਾ ਸੀ। ਮੰਚ ਉੱਤੇ ਆਉਂਦੇ ਸਾਰ ਉਨ੍ਹਾਂ ਨੇ ਸਭ ਤੋਂ ਪਹਿਲਾਂ ਡਾਇਸ ਦੇ ਕੋਲ ਖੜੋਤੇ ਸੁਖਜਿੰਦਰ ਸਿੰਘ ਰੰਧਾਵਾ ਨੂੰ ਧੱਕਾ ਦਿੰਦਿਆਂ ਪਿੱਛੇ ਹੱਟਣ ਨੂੰ ਕਿਹਾ ਸੀ, ਪਰ ਰੰਧਾਵਾ ਨਰਮੀ ਨਾਲ ਪਿੱਛੇ ਹਟ ਗਏ। ਜਦੋਂ ਉਨ੍ਹਾਂ ਨੇ ਪੰਜਾਬ ਦੇ ਇੰਚਾਰਜ ਹਰੀਸ਼ ਰਾਵਤ ਦੇ ਕਹਿਣ ਉੱਤੇ ਸਿੱਧੂ ਅੱਗੇ ਪਰਚੀ ਰੱਖੀ ਤਾਂ ਸਿੱਧੂ ਦੇ ਪ੍ਰਤੀਕਰਮ ਉੱਤੇ ਬੋਲਣ ਤੋਂ ਖੁਦ ਨੂੰ ਨਹੀਂ ਰੋਕ ਸਕੇ। ਉਨ੍ਹਾ ਕਿਹਾ ਕਿ ਇਹ ਪਰਚੀ ਹਰੀਸ਼ ਰਾਵਤ ਦੇ ਕਹਿਣ ਉੱਤੇ ਦਿੱਤੀ ਹੈ ਤੇ ਸਿੱਧੂ ਨੇ ਬੜੇ ਕੌੜੇ ਲਹਿਜੇ ਵਿਚ ਕਿਹਾ ਸੀ ਕਿ ‘ਅੱਜ ਨਾ ਰੋਕ, ਘੋੜੇ ਨੂੰ ਇਸ਼ਾਰਾ ਬਹੁਤ ਹੁੰਦਾ ਏ, ਹੋਰ ਕਿਸੇ ਨੂੰ ਲੱਤਾਂ ਮਾਰੀਂ। ਤੁਸੀਂ ਪਹਿਲਾਂ ਵੀ ਬਿਠਾ ਰੱਖਿਆ ਹੈ।’
ਸਿੱਧੂ ਦੇ ਇਸ ਵਿਹਾਰ ਉੱਤੇ ਕਾਂਗਰਸ ਦੇ ਵੱਡੇ ਨੇਤਾਵਾਂ ਨੇ ਆਮ ਤੌਰ ਉੱਤੇ ਚੁੱਪ ਰੱਖੀ ਹੈ, ਪਰ ਕੁਝ ਆਗੂਆਂ ਦਾ ਕਹਿਣਾ ਹੈ ਕਿ ਇਸ ਬਾਰੇ ਕੁਝ ਫੈਸਲਾ ਹਾਈ ਕਮਾਨ ਨੂੰ ਕਰਨਾ ਚਾਹੀਦਾ ਹੈ। ਉਂਜ ਮੋਗਾ ਰੈਲੀ ਤੋਂ ਬਾਅਦ ਹੋਰ ਰੈਲੀਆਂ ਤੋਂ ਸਿੱਧੂ ਦੀ ਗੈਰ-ਹਾਜ਼ਰੀ ਨੇ ਕੁਝ ਹੱਦ ਤੱਕ ਸਪੱਸ਼ਟ ਕਰ ਦਿੱਤਾ ਹੈ ਕਿ ਉਸ ਦਾ ਵਿਹਾਰ ਉਸ ਨੂੰ ਭਾਰੀ ਪੈ ਸਕਦਾ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family



MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol
Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage*
Independently Owned and Operated.
Tel:905-405-8484
www.paramjitdeol.com
Email: pdeol3@yahoo.ca

“Your neighborhood broker, Call Paramjit Deol Today”

**Mississauga $749,000**



7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**



3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**



Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**



39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**

Photo Not Available

7885 Tranmere Dr:Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Misissisauga $749,000**



7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**

Photo Not Available

23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**

Photo Not Available

Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**

Photo Not Available

115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**



Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**



Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**

Photo Not Available

150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**



124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**



Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**



King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**



Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

# ਮੋਦੀ ਤੇ ਜਿਨਪਿੰਗ ਨਵੰਬਰ ਵਿੱਚ ਬ੍ਰਿਕਸ ਸੰਮੇਲਨ ਵੇਲੇ ਆਹਮੋ-ਸਾਹਮਣੇ ਹੋਣਗੇ

ਨਵੀਂ ਦਿੱਲੀ, 6 ਅਕਤੂਬਰ (ਪੋਸਟ ਬਿਊਰੋ)- ਪੂਰਬੀ ਲੱਦਾਖ ਵਿਚਲੀ ਅਸਲ ਕੰਟਰੋਲ ਰੇਖਾ (ਐਲ ਏ ਸੀ) ਉਤੇ ਭਾਰਤ ਤੇ ਚੀਨ ਵਿਚਾਲੇ ਜਾਰੀ ਤਣਾਅ ਦੇ ਦੌਰਾਨ ਪਹਿਲੀ ਵਾਰ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਇੱਕ ਮੀਟਿੰਗ ਵਿੱਚ ਇਕੱਠੇ ਹੋਣਗੇ। 17 ਨਵੰਬਰ ਨੂੰ ਪੰਜ ਦੇਸ਼ਾਂ ਦੇ ਸੰਗਠਨ ਬ੍ਰਿਕਸ ਦੇ ਸਿਖਰ ਸੰਮੇਲਨ ਵਿੱਚ ਦੋਵੇਂ ਨੇਤਾ ਜਾਣਗੇ, ਇਹ ਮੀਟਿੰਗ ਵਰਚੂਅਲ ਹੋਣ ਕਰ ਕੇ ਦੁਵੱਲੀ ਮੀਟਿੰਗ ਦੀ ਸੰਭਾਵਨਾ ਨਹੀਂ ਹੈ।




ਵਰਨਣ ਯੋਗ ਹੈ ਕਿ ਜਦੋਂ ਦੋਵਾਂ ਦੇਸ਼ਾਂ ਦੀਆਂ ਫੌਜਾਂ ਐਲ ਏ ਸੀ ਉਤੇ ਆਹਮੋ-ਸਾਹਮਣੇ ਡਟੀਆਂ ਹਨ ਅਤੇ ਦੋਵੇਂ ਧਿਰਾਂ ਠੰਢ ਦੀ ਸ਼ੁਰੂਆਤ ਤੋਂ ਪਹਿਲਾਂ ਫੌਜਾਂ ਦੀ ਵਾਪਸੀ ਦਾ ਰਸਤਾ ਕੱਢਣ ਦੀ ਕੋਸ਼ਿਸ਼ ਕਰ ਰਹੀਆਂ ਹਨ, ਉਦੋਂ ਮੋਦੀ ਤੇ ਜਿਨਪਿੰਗ ਇੱਕੋ ਮੰਚ ਉੱਤੇ ਆਪੋ-ਆਪਣੀ ਗੱਲ ਕਹਿਣਗੇ।

ਨਵੰਬਰ ਵਿੱਚ ਮੋਦੀ ਅਤੇ ਜਿਨਪਿੰਗ ਇੱਕ ਹੋਰ ਵਰਚੂਅਲ ਸੰਮੇਲਨ ਵਿੱਚ ਵੀ ਆਹਮੋ-ਸਾਹਮਣੇ ਹੋਣਗੇ। ਇਹ ਜੀ-20 ਦੇਸ਼ਾਂ ਦਾ ਸਿਖਰ ਸੰਮੇਲਨ 21 ਤੋਂ 22 ਨਵੰਬਰ ਨੂੰ ਹੋਣਾ ਹੈ। ਉਸ ਵਿੱਚ ਦੋਵਾਂ ਨੇਤਾਵਾਂ ਦੇ ਭਾਸ਼ਣ ਨੂੰ ਬੜਾ ਖਾਸ ਮੰਨਿਆ ਜਾ ਰਿਹਾ ਹੈ। ਜਾਣਕਾਰ ਦੱਸਦੇ ਹਨ ਕਿ ਸ਼ੰਘਾਈ ਸਹਿਯੋਗ ਸੰਗਠਨ ਦੀ ਸਿਖਰ ਮੀਟਿੰਗ ਬਾਰੇ ਗੱਲਬਾਤ ਜਾਰੀ ਹੈ। ਰੂਸ ਵਿੱਚ ਇਹ ਮੀਟਿੰਗ ਨਵੰਬਰ ਦੇ ਅੰਤ ਜਾਂ ਦਸੰਬਰ ਵਿੱਚ ਕਰਵਾਉਣ ਦੀ ਕੋਸ਼ਿਸ਼ ਵਿੱਚ ਹੈ। ਇਸ ਸਾਲ ਦੇ ਲਈ ਰੂਸ ਐਸ ਸੀ ਓ ਅਤੇ ਬ੍ਰਿਕਸ ਦੋਵਾਂ ਦਾ ਮੁਖੀ ਹੈ। ਪਹਿਲਾਂ ਯੋਜਨਾ ਇਹ ਸੀ ਕਿ ਦੋਵਾਂ ਸੰਸਥਾਵਾਂਦੀ ਮੀਟਿੰਗ ਜੁਲਾਈ 2020 ਵਿੱਚ ਇਕੱਠੀ ਹੋਵੇ, ਪਰ ਕੋਰੋਨਾ ਕਾਰਨ ਮੀਟਿੰਗ ਟਾਲ ਦਿੱਤਾ ਗਈ। ਫਿਰ ਸਤੰਬਰ ਦੇ ਪਹਿਲੇ ਦਸ ਦਿਨਾਂ ਵਿੱਚ ਮਾਸਕੋ ਵਿੱਚ ਐਸ ਸੀ ਓ ਦੇ ਰੱਖਿਆ ਮੰਤਰੀਆਂ ਤੇ ਵਿਦੇਸ਼ ਮੰਤਰੀਆਂ ਦੀ ਮੀਟਿੰਗ ਹੋਈ, ਜਿਸ ਵਿੱਚ ਭਾਰਤ ਤੇ ਚੀਨ ਦੇ ਰੱਖਿਆ ਮੰਤਰੀਆਂ ਅਤੇ ਵਿਦੇਸ਼ ਮੰਤਰੀਆਂ ਦੀ ਮੀਟਿੰਗ ਹੋਈ। ਵਰਚੂਅਲ ਮੀਟਿੰਗ ਵਿੱਚ ਦੁਵੱਲੇ ਮੁੱਦਿਆਂ ਨੂੰ ਚੁੱਕਣ ਦੀ ਇਜਾਜ਼ਤ ਨਹੀਂ ਹੁੰਦੀ। ਅਜੇ ਤੱਕ ਇਹੋ ਜਿਹੀਆਂ 12 ਮੀਟਿੰਗਾਂ ਹੋ ਚੁੱਕੀਆਂ ਹਨ।










ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਹਾਥਰਸ ਦੀ ਦਰਿੰਦਗੀ ਦੀ ਵਸੂਲੀ ਦੋਸ਼ੀਆਂ ਅਤੇ ਪੁਲਸ-ਪ੍ਰਸ਼ਾਸਨ ਕੋਲੋਂ ਹੋਵੇ

-ਅੱਕੂ ਸ੍ਰੀਵਾਸਤਵ-

ਹਾਥਰਸ਼ ਵਿੱਚ ਹੋਈ ਦਰਿੰਦਗੀ ਬਹੁਤ ਮੰਦਭਾਗੀ ਹੈ। ਸਾਡੇ ਸਮਾਜ ਲਈ ਕਲੰਕ ਹੈ। ਬੱਚੀਆਂ ਅਤੇ ਔਰਤਾਂ ਨਾਲ ਜ਼ੁਲਮ ਦੀਆਂ ਅਜਿਹੀਆਂ ਘਟਨਾਵਾਂ ਵਾਰ-ਵਾਰ ਹੋਣੀਆਂ ਅਤੇ ਵਾਰ-ਵਾਰ ਪੁਲਸ ਅਤੇ ਪ੍ਰਸ਼ਾਸਨ ਵੱਲੋਂ ਇੱਕੋ ਜਿਹੀਆਂ ਗਲਤੀਆਂ ਨੂੰ ਦੁਹਰਾਉਣਾ ਬੇਹੱਦ ਸ਼ਰਮਨਾਕ ਹੈ। ਹਾਥਰਸ ਮਾਮਲੇ ਨੂੰ ਸ਼ੁਰੂ ਵਿੱਚ ਦੇਖੀਏ ਤਾਂ ਸਾਨੂੰ ਉਹ ਸਭ ਖਾਮੀਆਂ ਦਿਸਦੀਆਂ ਹਨ, ਜੋ ਜਲਦੀ ਨਿਆਂ ਵਿੱਚ ਅੜਿੱਕਾ ਹਨ ਅਤੇ ਮੁਲਜ਼ਮਾਂ 'ਚ ਪੁਲਸ ਦਾ ਖੌਫ ਘੱਟ ਕਰਦੀਆਂ ਹਨ।

ਇਸ ਘਟਨਾ ਦੇ ਬਾਅਦ ਕੇਸ ਦਰਜ ਕਰਨ ਵਿੱਚ ਯੂ ਪੀ ਪੁਲਸ ਚਾਰ ਤੋਂ ਵੱਧ ਦਿਨ ਲਾ ਦਿੰਦੀ ਹੈ। 14 ਸਤੰਬਰ ਨੂੰ ਘਟਨਾ ਹੁੰਦੀ ਹੈ ਤੇ 19 ਸਤੰਬਰ ਨੂੰ ਪਹਿਲੀ ਸ਼ਿਕਾਇਤ ਦਰਜ ਕੀਤੀ ਜਾਂਦੀ ਹੈ, ਜਿਸ ਵਿੱਚ ਸਿਰਫ ਛੇੜਛਾੜ ਅਤੇ ਕੁੱਟਮਾਰ ਦੀ ਧਾਰਾ ਹੈ। ਉਸ ਵਿੱਚ ਵੀ ਪੁਲਸ ਪੀੜਤਾ, ਜਿਸ ਦੀ ਧੌਣ ਦੀ ਹੱਡੀ ਟੁੱਟੀ ਹੈ ਅਤੇ ਜ਼ੁਬਾਨ ਉਤੇ ਸੱਟ ਹੈ, ਦੀ ਗੱਲ ਨੂੰ ਸਮਝਦੀ ਨਹੀਂ ਤੇ ਮਾਪਿਆਂ ਦੀ ਅਪੀਲ 'ਤੇ ਫਿਰ ਉਸ ਦੇ ਅਗਲੇ ਹੋਰ ਚਾਰ ਦਿਨ ਬਾਅਦ ਦੁਬਾਰਾ ਸ਼ਿਕਾਇਤ ਵਿੱਚ ਬਲਾਤਕਾਰ ਦੀ ਧਾਰਾ ਜੋੜਦੀ ਹੈ।

ਸਵਾਲ ਉਠਦਾ ਹੈ ਕਿ ਕੀ ਪੁਲਸ 'ਚ ਜ਼ਰਾ ਜਿੰਨੀ ਵੀ ਹਮਦਰਦੀ ਨਹੀਂ ਬਚੀ? ਕੀ ਅਜਿਹੇ ਕੇਸਾਂ 'ਚ ਤਤਕਾਲ ਸ਼ਿਕਾਇਤ ਦਰਜ ਨਹੀਂ ਹੋਣੀ ਚਾਹੀਦੀ, ਖਾਸ ਕਰ ਕੇ ਅਜਿਹੇ ਕੇਸਾਂ ਵਿੱਚ ਜਿੱਥੇ ਪੀੜਤਾ ਜ਼ਿੰਦਗੀ ਅਤੇ ਮੌਤ ਦਰਮਿਆਨ ਜੂਝ ਰਹੀ ਹੋਵੇ, ਬੋਲਣ ਦੀ ਹਾਲਤ ਵਿੱਚ ਨਾ ਹੋਵੇ ਅਤੇ ਹਮਲਾਵਰ ਲੜਕੇ ਹੋਣ ਤਾਂ ਕੀ ਤਤਕਾਲ ਮੈਡੀਕਲ ਜਾਂਚ ਪੁਲਸ ਨੂੰ ਨਹੀਂ ਕਰਵਾਉਣੀ ਚਾਹੀਦੀ। ਜੇ ਤਤਕਾਲ ਕੇਸ ਦਰਜ ਕਰਨ ਦੇ ਆਮ ਨਿਯਮ ਦਾ ਪੁਲਸ ਪਾਲਣ ਨਹੀਂ ਕਰੇਗੀ ਤਾਂ ਗੁੰਡਿਆਂ ਅਤੇ ਬਲਾਤਕਾਰੀਆਂ 'ਚ ਖੌਫ ਕਿਉਂ ਹੋਵੇਗਾ? ਜਿੰਨੀ ਵੱਧ ਦੇਰ ਹੋਵੇਗੀ, ਉਨ੍ਹਾਂ ਦੇ ਬਚ ਨਿਕਲਣ ਦੀ ਸੰਭਾਵਨਾ ਓਨੀ ਹੀ ਵੱਧ ਜਾਵੇਗੀ। ਇਹੀ ਅੱਜਕੱਲ੍ਹ ਯੂ ਪੀ ਵਿੱਚ ਨਜ਼ਰ ਆ ਰਿਹਾ ਹੈ।

ਇੱਕ ਮਾਮਲਾ ਸ਼ਾਂਤ ਨਹੀਂ ਹੁੰਦਾ, ਇੱਕ ਮਾਮਲੇ 'ਚ ਪੀੜਤਾ ਨੂੰ ਨਿਆਂ ਨਹੀਂ ਮਿਲਦਾ ਤੇ ਦੂਸਰਾ ਮਾਮਲਾ ਹੋ ਜਾਂਦਾ ਹੈ। ਔਰਤਾਂ ਅਤੇ ਬੱਚੀਆਂ ਨਾਲ ਦਰਿੰਦਗੀ ਕਰਨ ਵਾਲੇ ਬੇਖੌਫ ਹਨ। ਪੁਲਸ ਦੀ ਲੇਟ ਲਤੀਫੀ ਜੋ ਵਧੇਰੇ ਮਾਮਲਿਆਂ 'ਚ ਕਿਸੇ ਕਾਰਨ ਜਾਣਬੁੱਝ ਕੇ ਕੀਤੀ ਜਾਂਦੀ ਹੈ, ਸਿਰਫ ਅਪਰਾਧੀਆਂ ਦੇ ਬਚ ਨਿਕਲਣ ਦਾ ਹੀ ਰਾਹ ਪੱਧਰਾ ਨਹੀਂ ਕਰਦੀ, ਸਗੋਂ ਅਜਿਹੇ ਜੁਰਮਾਂ ਨੂੰ ਸ਼ਹਿ ਵੀ ਦਿੰਦੀ ਹੈ। ਵਿਧਾਇਕ ਕੁਲਦੀਪ ਸੇਂਗਰ ਦੇ ਕੇਸ ਵਿੱਚ ਯੂ ਪੀ ਪੁਲਸ ਦੀ ਜੋ ਭੂਮਿਕਾ ਰਹੀ, ਉਸ ਨੇ ਉਸ ਦੇ ਅਕਸ ਨੂੰ ਧੁੰਦਲਾ ਕੀਤਾ। ਪੀੜਤਾ ਨਿਆਂ ਲਈ ਜੂਝਦੀ ਰਹੀ, ਉਸ ਉਤੇ ਅਤੇ ਉਸ ਦੇ ਪਰਵਾਰ 'ਤੇ ਹਮਲੇ ਹੁੰਦੇ ਰਹੇ, ਪਰ ਯੂ ਪੀ ਪੁਲਸ ਦੇ ਵੱਡੇ ਅਧਿਕਾਰੀ ਅਜਿਹੇ ਬਿਆਨ ਦਿੰਦੇ ਰਹੇ, ਜੋ ਅਪਰਾਧੀ ਦੇ ਪੱਖ ਵਿੱਚ ਸਨ। ਅਖੀਰ ਸੁਪਰੀਮ ਕੋਰਟ ਨੂੰ ਹੁਕਮ ਦੇਣਾ ਪਿਆ। ਸੀ ਬੀ ਆਈ ਨੇ ਸਬੂਤ ਇਕੱਠੇ ਕੀਤੇ ਅਤੇ ਦਿੱਲੀ ਦੀ ਅਦਾਲਤ ਵਿੱਚ ਕੇਸ ਚੱਲਿਆ ਜਿਸ 'ਚ ਸੇਂਗਰ ਅਪਰਾਧੀ ਸਿੱਧ ਹੋਇਆ। ਇਸ ਨਾਲ ਯੂ ਪੀ ਪੁਲਸ ਬਾਰੇ ਕੀ ਸੰਦੇਸ਼ ਗਿਆ। ਉਸ ਮਾਮਲੇ ਵਿੱਚ ਵੀ ਕੇਸ ਦਰਜ ਕਰਨ 'ਚ ਲੰਮੀ ਦੇਰੀ ਕੀਤੀ ਗਈ ਸੀ। ਗਵਾਹਾਂ, ਸਬੂਤਾਂ ਨਾਲ ਛੇੜਛਾੜ ਹੋਈ ਅਤੇ ਯੂ ਪੀ ਪੁਲਸ ਸਿਰਫ ਮੂਕਦਰਸ਼ਕ ਨਹੀਂ, ਸਗੋਂ ਉਸ ਦੇ ਮੁਲਾਜ਼ਮ ਸਹਿਯੋਗ ਕਰਦੇ ਪਾਏ ਗਏ। ਜਦੋਂ ਅਜਿਹੀਆਂ ਮਿਸਾਲਾਂ ਸਾਹਮਣੇ ਹੋਣ ਤਾਂ ਮਹਿਲਾ ਸਨਮਾਨ ਨਾਲ ਖੇਡਣ ਵਾਲਿਆਂ 'ਚ ਪੁਲਸ ਦਾ ਖੌਫ ਕਿਵੇਂ ਬਣੇਗਾ? ਇਸ 'ਤੇ ਪੁਲਸ ਦਾ ਇਹ ਤਰਕ ਕਿ ਸੂਬੇ 'ਚ ਅਪਰਾਧ ਘੱਟ ਹੋ ਰਹੇ ਹਨ, ਜਦ ਕਿ ਅਪਰਾਧ ਬਿਊਰੋ ਦੀ ਰਿਪੋਰਟ 'ਚ ਸੂਬੇ 'ਚ ਔਰਤਾਂ 'ਤੇ ਅਪਰਾਧ ਛੇ ਫੀਸਦੀ ਵਧੇ ਹਨ।

ਇਹ ਠੀਕ ਹੈ ਕਿ ਮਾਮਲੇ ਦੇ ਤੂਲ ਫੜ ਲੈਣ ਦੇ ਬਾਅਦ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੇ ਪੀੜਤ ਪਰਵਾਰ ਨੂੰ 25 ਲੱਖ ਰੁਪਏ ਦੇ ਮੁਆਵਜ਼ੇ ਅਤੇ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ, ਪਰ ਏਦਾਂ ਕਰ ਕੇ ਉਨ੍ਹਾਂ ਅਹਿਸਾਨ ਨਹੀਂ ਕੀਤਾ। ਸੂਬੇ ਦੇ ਮੁਖੀ ਹੋਣ ਦੇ ਨਾਤੇ ਪੀੜਤ ਪਰਵਾਰ ਨੂੰ ਇਨਸਾਫ ਦਿਵਾਉਣਾ ਉਨ੍ਹਾਂ ਦੀ ਪਹਿਲੀ ਜ਼ਿੰਮੇਵਾਰੀ ਹੈ। ਦੰਗਿਆਂ ਦੇ ਮਾਮਲੇ ਵਿੱਚ ਜਿਵੇਂ ਉਨ੍ਹਾਂ ਨੇ ਵਿਵਸਥਾ ਕੀਤੀ, ਉਸੇ ਤਰ੍ਹਾਂ ਦੀ ਸਖਤੀ ਉਨ੍ਹਾਂ ਨੂੰ ਅਜਿਹੇ ਮਾਮਲਿਆਂ ਵਿੱਚ ਵੀ ਕਰਨੀ ਚਾਹੀਦੀ ਹੈ। ਪੀੜਤ ਪਰਵਾਰ ਨੂੰ ਜੋ ਮੁਆਵਜ਼ਾ ਦਿੱਤਾ ਜਾਵੇਗਾ, ਉਹ ਟੈਕਸ ਦਾਤਿਆਂ ਦੇ ਪੈਸਿਆਂ 'ਚੋਂ ਨਾ ਦਿੱਤਾ ਜਾਵੇ। ਇਸ ਧਨ ਦੀ ਵਸੂਲੀ ਦੋਸ਼ੀਆਂ ਦੇ ਪਰਵਾਰ, ਸੰਬੰਧਤ ਥਾਣੇ, ਜਿਸ ਨੇ ਰਿਪੋਰਟ ਦਰਜ ਕਰਨ ਤੇ ਜਾਂਚ ਸ਼ੁਰੂ ਕਰਨ ਵਿੱਚ ਦੇਰ ਕੀਤੀ, ਜ਼ਿਲੇ ਦੇ ਪੁਲਸ ਸੁਪਰਡੈਂਟ, ਜਿਨ੍ਹਾਂ ਨੇ ਮਾਮਲੇ ਦੀ ਸੰਵੇਦਨਾ ਨੂੰ ਨਹੀਂ ਸਮਝਿਆ ਅਤੇ ਤਤਕਾਲ ਜਾਂਚ ਨੂੰ ਯਕੀਨੀ ਨਹੀਂ ਬਣਾਇਆ, ਇਨ੍ਹਾਂ ਸਾਰਿਆਂ ਕੋਲੋਂ ਹੋਣੀ ਚਾਹੀਦੀ ਹੈ।

ਅੱਠ ਸਾਲ ਪਹਿਲਾਂ ਜਦੋਂ ਦਿੱਲੀ 'ਚ ਨਿਰਭੈਯਾ ਕਾਂਡ ਹੋਇਆ ਸੀ ਤਾਂ ਭਾਜਪਾ ਵਿਰੋਧੀ ਧਿਰ 'ਚ ਸੀ ਅਤੇ ਗੁੱਸੇ 'ਚ ਲੋਕਾਂ ਦੇ ਨਾਲ ਉਸ ਨੇ ਵੀ ਇਸ ਮੁੱਦੇ 'ਤੇ ਸੜਕ ਤੋਂ ਪਾਰਲੀਮੈਂਟ ਤੱਕ ਲੜਾਈ ਲੜੀ ਸੀ। ਉਦੋਂ ਇਹ ਆਸ ਜਾਗੀ ਸੀ ਕਿ ਔਰਤਾਂ ਦੀ ਸੁਰੱਖਿਆ ਦੇ ਮੋਰਚੇ 'ਤੇ ਸੁਧਾਰ ਆਵੇਗਾ। ਔਰਤਾਂ ਨਾਲ ਦਰਿੰਦਗੀ ਦੀਆਂ ਘਟਨਾਵਾਂ ਉਤੇ ਲਗਾਮ ਕੱਸੇਗੀ। ਅਪਰਾਧੀਆਂ ਨੂੰ ਜਲਦੀ ਸਜ਼ਾ ਹੋਵੇਗੀ। ਉਨ੍ਹਾਂ ਵਿੱਚ ਖੌਫ ਪੈਦਾ ਹੋਵੇਗਾ। ਇਹ ਲੋਕਾਂ ਦੇ ਗੁੱਸੇ ਦਾ ਨਤੀਜਾ ਸੀ ਕਿ ਉਸ ਸਮੇਂ ਸ਼ੀਲਾ ਦੀਕਸ਼ਿਤ ਸਰਕਾਰ ਨੇ ਪੀੜਤਾ ਨੂੰ ਇਲਾਜ ਲਈ ਸਿੰਗਾਪੁਰ ਤੱਕ ਭੇਜਿਆ ਸੀ, ਪਰ ਹਾਥਰਸ਼ ਦੀ ਦਰਿੰਦਗੀ ਵਾਲੇ ਕੇਸ 'ਚ ਉੱਤਰ ਪ੍ਰਦੇਸ਼ ਸਰਕਾਰ ਨੇ ਕੀ ਕੀਤਾ? ਜੋ ਕੀਤਾ, ਉਹ ਸਭ ਦੇ ਸਾਹਮਣੇ ਹੈ। ਪਹਿਲਾਂ ਪੀੜਤਾ ਅਲੀਗੜ੍ਹ ਮੈਡੀਕਲ ਕਾਲਜ 'ਚ ਜ਼ਿੰਦਗੀ ਅਤੇ ਮੌਤ ਨਾਲ ਜੂਝਦੀ ਰਹੀ। ਫਿਰ ਉਸ ਨੂੰ ਉਥੋਂ ਰੈਫਰ ਕੀਤਾ ਗਿਆ ਤੇ ਦਿੱਲੀ ਦੇ ਇੱਕ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਦਿੱਲੀ ਆਉਣ ਦੇ ਬਾਅਦ ਕੇਸ ਮੀਡੀਆ 'ਚ ਸੁਰਖੀਆਂ ਬਣਿਆ ਤਾਂ ਸਰਕਾਰ ਦੀਆਂ ਅੱਖਾਂ ਖੁੱਲ੍ਹੀਆਂ। ਸਿਰਫ ਸਰਕਾਰ ਹੀ ਨਹੀਂ, ਵਿਰੋਧੀ ਧਿਰ ਦੀਆਂ ਅੱਖਾਂ ਵੀ ਓਦੋਂ ਖੁੱਲ੍ਹੀਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲ ਕਰਦੇ ਹੋਏ ਸੂਬੇ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨਾਲ ਫੋਨ 'ਤੇ ਗੱਲਬਾਤ ਕੀਤੀ। ਇਸ ਦੇ ਬਾਅਦ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਅਤੇ ਮੁਆਵਜ਼ੇ ਦਾ ਐਲਾਨ ਕੀਤਾ ਗਿਆ। ਜਾਪਦਾ ਹੈ ਕਿ ਨਿਰਭੈਯਾ ਮਾਮਲੇ ਤੋਂ ਯੂ ਪੀ ਸਰਕਾਰ ਨੇ ਕੋਈ ਸਿੱਖਿਆ ਨਹੀਂ ਲਈ।

ਜਿੱਥੋਂ ਤੱਕ ਵਿਰੋਧੀ ਧਿਰ ਦੀ ਗੱਲ ਹੈ, ਉਹ ਹਾਥਰਸ ਕੇਸ 'ਚ ਸਿਆਸਤ ਕਰ ਰਹੀ ਹੈ। ਅਜਿਹੇ ਕੇਸਾਂ 'ਚ ਪੀੜਤ ਧਿਰ ਨਾਲ ਖੜ੍ਹੇ ਹੋਣ ਦੀ ਸਿਆਸਤ ਵਿਰੋਧੀ ਧਿਰ ਨੂੰ ਜ਼ਰੂਰ ਕਰਨੀ ਚਾਹੀਦੀ ਹੈ। ਇਹ ਸਿਆਸਤ ਚੋਣਵੀਂ ਨਹੀਂ ਹਮੇਸ਼ਾ ਅਤੇ ਲਗਾਤਾਰ ਹੋਣੀ ਚਾਹੀਦੀ ਹੈ। ਰਾਹੁਲ ਗਾਂਧੀ ਹਾਥਰਸ ਦੀ ਦਰਿੰਦਗੀ ਦੇ ਵਿਰੁੱਧ ਸੜਕ 'ਤੇ ਉਤਰ ਕੇ ਧੱਕੇ ਖਾਂਦੇ ਹਨ, ਡਿੱਗ ਪੈਂਦੇ ਹਨ ਤਾਂ ਇਹ ਬੁਰਾ ਨਹੀਂ, ਪਰ ਬੁਰਾ ਇਹ ਹੈ ਕਿ ਅਜਿਹਾ ਕਦੇ-ਕਦਾਈਂ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੂੰ ਇਹ ਰਾਜਸਥਾਨ ਦੇ ਕੇਸ ਵਿੱਚ ਜਾਂ ਹੋਰ ਜਿੱਥੇ ਘਿਨੌਣੀ ਘਟਨਾ ਹੋਵੇ, ਉਥੇ ਅਜਿਹਾ ਕਰਨਾ ਚਾਹੀਦਾ ਹੈ। ਪੀੜਤ ਧਿਰ ਦੇ ਨਾਲ ਖੜ੍ਹੇ ਹੋਣਾ ਚਾਹੀਦਾ ਹੈ। ਲੋਕਾਂ ਦੇ ਨਿਆਂ ਲਈ ਲੜਨਾ ਚੰਗੀ ਸਿਆਸਤ ਹੈ, ਬਸ਼ਰਤੇ ਇਹ ਚੋਣਵੀਂ ਨਾ ਹੋਵੇ।

ਸਿਰਫ ਰਾਹੁਲ ਗਾਂਧੀ ਕਿਉਂ, ਸਾਰੇ ਨੇਤਾਵਾਂ ਨੂੰ ਲੋਕਾਂ ਲਈ ਇਨਸਾਫ ਦੀ ਲੜਾਈ ਅੱਗੇ ਵਧ ਕੇ ਲੜਨੀ ਚਾਹੀਦੀ ਹੈ। ਅਜਿਹਾ ਨਹੀਂ ਹੋਣਾ ਚਾਹੀਦਾ ਕਿ ਨੇਤਾ ਘਟਨਾ ਦੇ ਵੀਹ ਦਿਨ ਬਾਅਦ ਨਿਕਲ ਕੇ ਉਦੋਂ ਆਉਣ, ਜਦੋਂ ਚੀਜ਼ਾਂ ਉਬਾਲ 'ਤੇ ਹੋਣ ਅਤੇ ਉਨ੍ਹਾਂ ਨੂੰ ਜਾਪੇ ਕਿ ਫਸਲ ਪੱਕ ਗਈ ਹੈ। ਏਦਾਂ ਕਰਨਾ ਸਿਆਸਤ ਨਹੀਂ ਹੈ, ਮੌਕਾਪ੍ਰਸਤੀ ਹੈ। ਰਾਹੁਲ ਗਾਂਧੀ ਨੂੰ ਲਗਾਤਾਰ ਸਰਗਰਮ ਹੋਣ ਦੀ ਲੋੜ ਹੈ। ਕਦੀ-ਕਦਾਈਂ ਨਿਕਲਣ ਨਾਲ ਕੁਝ ਨਹੀਂ ਹੋਵੇਗਾ। ਜਨਤਾ ਨੂੰ ਵੀ ਭਰੋਸਾ ਹੋਣਾ ਚਾਹੀਦਾ ਹੈ ਕਿ ਕੋਈ ਵਿਰੋਧੀ ਧਿਰ ਹੈ, ਜੋ ਤਦ ਉਸ ਦੀ ਗੱਲ ਉਠਾਵੇਗੀ, ਜਦੋਂ ਸੱਤਾ ਉਸ ਦੀ ਗੱਲ ਨਹੀਂ ਸੁਣ ਰਹੀ ਹੋਵੇਗੀ। ਵਿਰੋਧੀ ਧਿਰ ਜਿੰਨੀ ਸਰਗਰਮੀ ਨਾਲ ਮਜ਼ਬੂਤ ਹੋਵੇਗੀ, ਸੱਤਾ ਦਾ ਸੰਤੁਲਨ ਓਨਾ ਹੀ ਜਨਤਾ ਵੱਲ ਹੋਵੇਗਾ।

ਜਿੱਥੋਂ ਤੱਕ ਨਿਰਭੈਯਾ ਅਤੇ ਹਾਥਰਸ ਵਰਗੀਆਂ ਦਰਿੰਦਗੀਆਂ ਦਾ ਮਾਮਲਾ ਹੈ ਤਾਂ ਇਸ ਲਈ ਪੂਰਾ ਸਿਸਟਮ ਦੋਸ਼ੀ ਹੈ। ਇਸ ਸਿਸਟਮ ਵਿੱਚ ਸਿਰਫ ਪੁਲਸ ਹੀ ਸ਼ਾਮਲ ਨਹੀਂ, ਅਸੀਂ ਸਾਰੇ ਸ਼ਾਮਲ ਹਾਂ। ਜਿੱਥੇ ਇਸ ਤਰ੍ਹਾਂ ਦੀ ਘਟਨਾ ਵਾਪਰੀ, ਉਥੇ ਹਾਥਰਸ ਦੇ ਲੋਕਾਂ ਨੇ ਇਸ ਦੀ ਕਿਵੇਂ ਅਣਦੇਖੀ ਕੀਤੀ। ਪੁਲਸ ਨੇ ਲੇਟ-ਲਤੀਫੀ ਕੀਤੀ। ਅਧਿਕਾਰੀ ਸੁਚੇਤ ਨਹੀਂ ਹੋਏ। ਹਾਲਤਾਂ ਭੈੜੀਆਂ ਹੋ ਗਈਆਂ। ਇਵੇਂ ਹੀ ਸਿਸਟਮ ਫੇਲ੍ਹ ਹੁੰਦਾ ਹੈ ਅਤੇ ਇਸੇ ਨਾਲ ਗੁੰਡਿਆਂ ਅਤੇ ਅਪਰਾਧੀਆਂ ਦਾ ਹੌਸਲਾ ਵਧਦਾ ਹੈ। ਸਵਾਲ ਮੀਡੀਆ ਵਿਸ਼ੇਸ਼ ਅਤੇ ਉਸ ਨੂੰ ਉਤਸ਼ਾਹਤ ਕਰਨ ਵਾਲੀ ਜਨਤਾ ਨੂੰ ਵੀ। ਆਖਿਰ ਕਦੋਂ ਅਸੀਂ ਮੂਲ ਸਵਾਲਾਂ 'ਤੇ ਪਰਤਾਂਗੇ। ਮਨੋਰੰਜਨ ਢਿੱਡ ਨਹੀਂ ਭਰਦਾ, ਨਾ ਹੀ ਕਿਸੇ ਜਾਗਰੂਕ ਦੇਸ਼ ਦੀ ਜਾਗਰੂਕਤਾ ਵਧਾਉਂਦਾ ਹੈ। ਅੱਜ ਦੇ ਨੌਜਵਾਨਾਂ ਦੀ ਰੁਚੀ ਅਤੇ ਉਨ੍ਹਾਂ ਦੀ ਜਨਰਲ ਨਾਲੇਜ ਇਸ ਦੀ ਭਖਦੀ ਉਦਾਹਰਣ ਹੈ।

## ਮਿੰਨੀ ਕਹਾਣੀਆਂ

### ਮਿੱਟੀ ਦੇ ਭਗਵਾਨ

-ਰਸ਼ਮੀ ਸਥਾਪਕ

''ਮਾਂ, ਮੈਂ ਕਹਿ ਦਿੱਤਾ ਮੈਂ ਮਿੱਟੀ ਦੇ ਗਣੇਸ਼ ਜੀ ਲਿਆਵਾਂਗਾ। ਮੇਰਾ ਇੱਕ ਮੂਰਤੀ ਨਾਲ ਕੋਈ ਵਾਤਾਵਰਣ ਬਣਨ-ਵਿਗੜਨ ਵਾਲਾ ਨਹੀਂ। ਮੈਂ ਇੰਨਾ ਚੰਗਾ ਛਤਰ ਬਣਾਇਆ ਹੈ, ਉਸ ਦੇ ਹੇਠਾਂ ਚਿਕਨੀ ਫਿਨਿਸ਼ਿੰਗ ਵਾਲੀ ਮੂਰਤੀ ਚੰਗੀ ਲੱਗੇਗੀ।''

ਚਿੰਟੂ ਨੇ ਸਾਰਾ ਘਰ ਸਿਰ 'ਤੇ ਉਠਾ ਲਿਆ, ਆਖਰ ਵੀਨਾ ਨੇ ਹਥਿਆਰ ਸੁੱਟ ਦਿੱਤੇ। ਪੰਜ ਸੌ ਰੁਪਏ ਦਾ ਨੋਟ ਮਿਲਦੇ ਹੀ ਚਿੰਟੂ ਬਾਹਰ ਭੱਜਿਆ। ਉਸ ਨੇ ਸਾਈਕਲ ਚੁੱਕੀ ਸੀ ਕਿ ਭਾਂਡੇ ਮਾਂਜਣ ਵਾਲੀ ਤਾਈ ਦਾ ਭੋਲੂ ਦੌੜਦਾ ਹੋਇਆ ਆਉਂਦਾ ਦਿਖਾਈ ਦਿੱਤਾ। ''ਵੀਰੇ, ਵੀਰੇ, ਵੀਰੇ, ਗਣੇਸ਼ ਜੀ ਦੀ ਮੂਰਤੀ ਲਿਆਇਆ ਹਾਂ। ਅੱਜਕੱਲ੍ਹ ਸਭ ਇਹੀ ਮੂਰਤੀਆਂ ਖਰੀਦ ਰਹੇ ਹਨ...।''

''ਤੂੰ ਤਾਂ ਦੁਕਾਨ ਲਗਾਉਣ ਵਾਲਾ ਸੀ ਭੋਲੂ?''

''ਵੀਰੇ, ਸਾਰੀ ਰਾਤ ਮੀਂਹ ਪਿਆ। ਪੂਰੇ ਘਰ ਵਿੱਚ ਪਾਣੀ ਭਰ ਗਿਆ ਸੀ। ਮਿੱਟੀ ਤਾਂ ਲਿਆਇਆ ਮੈਂ, ਪਰ ਸਭ ਰੁੜ੍ਹ ਗਈ। ਜਿੰਨੀ ਮਿੱਟੀ ਬਚੀ ਸੀ, ਉਸ ਨਾਲ ਪੰਜ ਮੂਰਤੀਆਂ ਬਣੀਆਂ ਹਨ, ਮਾਂ ਰੰਗ ਵੀ ਨਹੀਂ ਲਾ ਸਕੀ।''

ਚਿੰਟੂ ਕੁਝ ਸੋਚ ਵਿੱਚ ਪੈ ਗਿਆ...

''ਸਾਰਿਆਂ ਨੂੰ 60 ਵਿੱਚ ਦੇ ਰਿਹਾ ਹਾਂ, ਤੁਹਾਨੂੰ ਪੰਜਾਹ ਵਿੱਚ ਦਿਆਂਗਾ।'' ਨਿਰਾਸ਼ ਹੁੰਦਾ ਹੋਇਆ ਭੋਲੂ ਬੋਲਿਆ।

''ਠੀਕ ਹੈ...'' ਚਿੰਟੂ ਜਿਵੇਂ ਫੈਸਲਾਕੁੰਨ ਸੁਰ ਵਿੱਚ ਬੋਲਿਆ। ਤਦ ਤੱਕ ਭੋਲੂ ਮੂਰਤੀਆਂ ਨੂੰ ਕੱਢ ਕੇ ਵਿਹੜੇ ਵਿੱਚ ਸੰਭਾਲ ਕੇ ਰੱਖ ਚੁੱਕਾ ਸੀ।

''ਤੁਹਾਨੂੰ ਜੋ ਚੰਗੀ ਲੱਗੇ, ਲੈ ਲਓ।'' ਭੋਲੂ ਦੀ ਆਵਾਜ਼ ਵਿੱਚ ਉਤਸ਼ਾਹ ਵਾਪਸ ਆ ਰਿਹਾ ਸੀ।

ਥੋੜ੍ਹੀ ਦੇਰ ਤੱਕ ਚਿੰਟੂ ਉਹ ਮੂਰਤੀਆਂ ਦੇਖਦਾ ਰਿਹਾ, ਸ਼ੁੱਧ ਮਿੱਟੀ ਦੀਆਂ ਬਣੀਆਂ ਹੋਈਆਂ ਬਿਨਾਂ ਰੰਗ ਵਾਲੀਆਂ ਅਨਗੜ੍ਹ ਮੂਰਤੀਆਂ, ਉਸ ਦੇ ਸੁਫਨੇ ਵਾਲੀ ਮੂਰਤੀ ਤੋਂ ਬਿਲਕੁਲ ਅਲੱਗ।

''ਭੋਲੂ, ਇੰਝ ਕਰ ਪੰਜੇ ਮੂਰਤੀਆਂ ਦੇ ਦੇ, ਤਾਈ ਜੀ, ਚਾਚਾ ਜੀ ਤੇ ਦੋਵਾਂ ਦੀਦੀਆਂ ਨੂੰ ਵੀ ਦੇਣੀਆਂ ਹੋਣਗੀਆਂ।'' ਭੋਲੂ ਖੁਸ਼ੀ ਨਾਲ ਉਛਲ ਪਿਆ। ਮੂਰਤੀਆਂ ਵਾਲਾ ਝੋਲਾ ਚਿੰਟੂ ਨੂੰ ਸੌਂਪ ਕੇ ਉਹ ਤਾਂ ਜਿਵੇਂ ਸ਼ਹਿਨਸ਼ਾਹ ਹੋ ਗਿਆ ਅਤੇ ਮਾਂ, ਜੋ ਖਿੜਕੀ 'ਚੋਂ ਇਹ ਇਤਿਹਾਸਕ ਸੌਦਾ ਹੁੰਦੇ ਦੇਖ ਰਹੀ ਸੀ, ਉਸ ਦੀਆਂ ਅੱਖਾਂ ਕੁਝ ਨਮ ਸਨ, ਪਰ ਚਿਹਰੇ 'ਤੇ ਆਪਣੇ ਸੰਸਕਾਰਾਂ ਦਾ ਦਰਪਣ ਵੀ ਚਮਕ ਰਿਹਾ ਸੀ।

### ਆਨਲਾਈਨ ਕਲਾਸ

-ਡਾਕਟਰ ਸੁਸ਼ਮਾ

ਵਿਮਲਾ ਦੀਆਂ ਕੁਝ ਸਹੇਲੀਆਂ ਵਟਸਐਪ 'ਤੇ ਸਰਗਰਮ ਦਿਸਦੀਆਂ ਹਨ, ਪਰ ਮੈਸੇਜ ਦਾ ਜਵਾਬ ਨਹੀਂ ਸਨ ਦਿੰਦੀਆਂ। ਅਜਿਹਾ ਕਿਉਂ ਹੈ, ਇਹ ਜਾਨਣ ਦੇ ਲਈ ਉਸ ਨੇ ਸੁਗੰਧਾ ਨੂੰ ਵਾਟਸਐਪ 'ਤੇ ਮੈਸੇਜ ਕੀਤਾ।

ਮੈਸੇਜ ਦਾ ਜਵਾਬ ਨਾ ਮਿਲਣ 'ਤੇ ਵਿਮਲਾ ਨੇ ਵਾਟਸਐਪ 'ਤੇ ਹੀ ਵਾਈਸ ਕਾਲ ਕਰ ਦਿੱਤਾ, ਪਰ ਇਹ ਕੀ?

ਸੁਗੰਧਾ ਨੇ ਇੱਕ ਬੈਲ ਜਾਂਦੇ ਹੀ ਫੋਨ ਵੀ ਕੱਟ ਦਿੱਤਾ।

ਵਿਮਲਾ ਨੂੰ ਬਹੁਤ ਗੁੱਸਾ ਆਇਆ। ਵਟਸਐਪ 'ਤੇ ਸੁਗੰਧਾ ਆਨਲਾਈਨ ਤਾਂ ਦਿਸਦੀ ਹੈ, ਪਰ ਕਿਸੇ ਮੈਸੇਜ ਦਾ ਜਵਾਬ ਨਹੀਂ ਦਿੰਦੀ।

ਸੋਚ ਰਹੀ ਸੀ ਕਿ ਦੋਬਾਰਾ ਫੋਨ ਮਿਲਾਵਾਂ ਜਾਂ ਨਾ ਮਿਲਾਵਾਂ। ਵਟਸਐਪ 'ਤੇ ਵਾਈਸ ਮੈਸੇਜ ਆਇਆ। ''ਆਂਟੀ ਮੇਰੀ ਆਨਲਾਈਨ ਕਲਾਸ ਚੱਲ ਰਹੀ ਹੈ। ਮੈਂ ਇਸ ਸਮੇਂ ਫੋਨ ਨਹੀਂ ਚੁੱਕ ਸਕਦੀ ਅਤੇ ਹਾਂ, ਮੰਮੀ ਇੱਕ ਪੁਰਾਣੇ ਫੋਨ ਤੋਂ ਗੱਲ ਕਰਦੀ ਹੈ, ਪਰ ਉਸ ਵਿੱਚ ਦਿਸਦਾ ਕੁਝ ਨਹੀਂ ਹੈ।'' ਸਮਝਦੇ ਦੇਰ ਨਾ ਲੱਗੀ ਕਿ ਸੁਗੰਧਾ ਦੇ ਫੋਨ ਨੰਬਰ 'ਤੇ ਚੱਲਣ ਵਾਲਾ ਵਟਸਐਪ ਕਿਸੇ ਦੂਸਰੇ ਮੋਬਾਈਲ 'ਤੇ ਚੱਲ ਰਿਹਾ ਹੈ।

ਬੱਚੇ ਦੇ ਮਾਸੂਮੀਅਤ ਭਰੇ ਵਾਈਸ ਮੈਸੇਜ ਨੂੰ ਸੁਣ ਕੇ ਵਿਮਲਾ ਨੂੰ ਸਮਝ ਵਿੱਚ ਆ ਗਿਆ ਕਿ ਇਨ੍ਹੀਂ ਦਿਨੀਂ ਹਰ ਜਗ੍ਹਾ ਇੰਝ ਹੀ ਚੱਲ ਰਿਹਾ ਹੈ।

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ

*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

ਫਾਰਮ ਵਿਚ ਕਾਮਿਆਂ ਦੀ ਲੋੜ

ਬਰੈਂਪਟਨ ਦੇ ਏਰੀਆ ਤੋਂ ਫਾਰਮ ਵਿਚ ਕੰਮ ਕਰਨ ਲਈ ਆਦਮੀਆਂ ਅਤੇ ਔਰਤਾਂ ਦੀ ਲੋੜ ਹੈ। ਇਸ ਤੋਂ ਇਲਾਵਾ ਫੈਕਟਰੀ ਵਿਚ ਪੈਕਿੰਗ ਕਰਨ ਲਈ ਕਾਮਿਆਂ ਦੀ ਵੀ ਲੋੜ ਹੈ। ਮੁਫ਼ਤ ਰਾਈਡ ਦਿੱਤੀ ਜਾਵੇਗੀ ਤੇ ਵਧੀਆ ਪੇਅ ਕੀਤਾ ਜਾਵੇਗਾ। ਹਫ਼ਤੇ ਦੇ ਛੇ ਦਿਨ ਕੰਮ ਮਿਲੇਗਾ।

ਸੰਪਰਕ: 647 765 4145

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:

647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ | ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

MARVES HARDWOOD FLOORING

Services:
Fence - Hardwood Flooring
Stairs - Small Renovation

John
416-787-6551

A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

BEST CANADIAN TRUCK & FORKLIFT TRAINING CENTRE

BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005







- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal, Co-Host
Iqbal Mahal, Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਹਿ॥

ਡਾ. ਬਲਵਿੰਦਰ ਸਿੰਘ ਲੱਖੇਵਾਲੀ

ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨਿ॥
ਜੋ ਜੋ ਵੰਞੈਂ ਡੀਹੜਾ, ਸੋ ਉਮਰ ਹਥ ਪਵੰਨਿ॥

ਖਜੂਰ ਦੇ ਰੁੱਖ ਤੇ ਉਸ ਤੋਂ ਪ੍ਰਾਪਤ ਹੋਣ ਵਾਲੇ ਫ਼ਲ ਦੀ ਸਾਂਝ ਮਨੁੱਖ ਨਾਲ ਬੇਹਦ ਪੁਰਾਣੀ ਹੈ। ਬਾਬਾ ਸ਼ੇਖ ਫ਼ਰੀਦ ਜੀ ਦੀ ਬਾਣੀ ਪੜ੍ਹਦਿਆਂ-ਸੁਣਦਿਆਂ ਰੱਬ ਦੀਆਂ ਪੱਕੀਆਂ ਖਜੂਰਾਂ ਦੀ ਮਿਸਾਲ ਸਾਹਮਣੇ ਆਉਂਦੀ ਹੈ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੀ ਖਜੂਰ ਦਾ ਜ਼ਿਕਰ ਭਗਤ ਨਾਮਦੇਵ ਜੀ ਨੇ ਰਾਗ ਟੋਡੀ ਵਿੱਚ ਕੀਤਾ ਹੈ:

ਕੋਈ ਬੋਲੈ ਨਿਰਵਾ, ਕੋਈ ਬੋਲੈ ਦੂਰਿ॥
ਜਲ ਕੀ ਮਾਛੁਲੀ ਚਰੈ ਖਜੂਰਿ॥

ਸਿੱਖ ਧਰਮ ਤੋਂ ਇਲਾਵਾ ਮੁਸਲਿਮ ਧਰਮ ਵਿੱਚ ਖਜੂਰ ਨੂੰ ਜੰਨਤ ਤੋਂ ਆਇਆ ਫ਼ਲ ਮੰਨਿਆ ਜਾਂਦਾ ਹੈ। ਇਸ ਤੋਂ ਬਿਨਾਂ ਈਸਾਈ, ਯਹੂਦੀ ਤੇ ਮਿਸਰ ਦੇ ਲੋਕਾਂ ਦੀਆਂ ਅਨੇਕਾਂ ਰਹੁ-ਰੀਤਾਂ ਵਿੱਚ ਖਜੂਰ ਦਾ ਜ਼ਿਕਰ ਵੇਖਣ ਨੂੰ ਮਿਲਦਾ ਹੈ। ਦਰਅਸਲ ਮਨੁੱਖ ਨੂੰ ਇਸ ਗੁਣਕਾਰੀ ਫ਼ਲਦਾਰ ਰੁੱਖ ਦੀ ਜਾਣਕਾਰੀ ਈਸਾ ਮਸੀਹ ਦੇ ਜਨਮ ਤੋਂ ਵੀ ਹਜ਼ਾਰਾਂ ਸਾਲ ਪਹਿਲਾਂ ਕਾਂਸੀ ਯੁੱਗ ਵੇਲੇ ਦੀ ਹੈ। ਇਸ ਰੁੱਖ ਦਾ ਮੂਲ ਸਥਾਨ ਅਰਬ ਵਿੱਚ ਮੈਸੋਪੋਟੇਮੀਆ ਦੇ ਇਲਾਕੇ ਨੂੰ ਮੰਨਿਆ ਜਾਂਦਾ ਹੈ, ਜਿਸ ਥਾਂ ਤੋਂ ਮਨੁੱਖ ਜਾਤੀ ਦੇ ਸੱਭਿਆਚਾਰ ਦਾ ਮੁੱਢ ਬੱਝਾ। ਇਸ ਤੋਂ ਬਿਨਾਂ ਸਿੰਧ ਘਾਟੀ ਅਤੇ ਹੜੱਪਾ ਕਾਲ ਦੇ ਸਮੇਂ ਵੀ ਖਜੂਰ ਦੇ ਸੰਬੰਧ ਵਿੱਚ ਤੱਥ ਜ਼ਰੂਰ ਆਉਂਦੇ ਹਨ। ਇਰਾਨ, ਇਰਾਕ, ਅਨੇਕਾਂ ਅਰਬ ਦੇਸ਼ਾਂ ਤੋਂ ਲੈ ਕੇ ਅਫ਼ਰੀਕਾ ਤੇ ਅਮਰੀਕਾ ਦੇ ਦੱਖਣੀ ਕੈਲੇਫੋਰਨੀਆ ਤੱਕ ਖਜੂਰ ਦੀ ਖੇਤੀ ਕੀਤੀ ਜਾਂਦੀ ਹੈ, ਪਰ ਆਪਣੇ ਅਨੇਕਾਂ ਗੁਣਾਂ ਸਦਕਾ ਖਜੂਰ ਦੀ ਮੰਗ ਵਿਸ਼ਵ ਦੇ ਹਰ ਛੋਟੇ-ਵੱਡੇ ਦੇਸ਼ ਵਿੱਚ ਰਹਿੰਦੀ ਹੈ। ਸੰਸਾਰ ਵਿੱਚ ਅਨੇਕਾਂ ਕਿਸਮਾਂ ਦੀਆਂ ਖਜੂਰਾਂ ਜੰਗਲੀ ਅਤੇ ਕਾਸ਼ਤ ਅਧੀਨ ਵੇਖਣ ਨੂੰ ਮਿਲਦੀਆਂ ਹਨ, ਪਰ ਸਾਡੇ ਆਸ-ਪਾਸ ਜੰਗਲੀ ਰੂਪ ਵਿੱਚ ਮਿਲਦੀ ਕਿਸਮ ਫੀਨਿਕਸ ਸਿਲਵੈਸਟ੍ਰਿਸ ਹੈ ਅਤੇ ਕਾਸ਼ਤ ਕਰਨ ਵਾਲੀ ਫੀਲਿਕਸ ਡੈਕਟਾਈਲੀਫੈਰਾ ਹੈ। ਭਾਰਤ ਦੇ ਕਈ ਰਾਜਾਂ ਵਿੱਚ ਇਹ ਕਿਸਮਾਂ ਸਾਨੂੰ ਨਹਿਰਾਂ, ਰਸਤਿਆਂ, ਜੰਗਲਾਂ ਆਦਿ ਕੰਢੇ ਉੱਗੀਆਂ ਵਿਖਾਈ ਦਿੰਦੀਆਂ ਹਨ। ਮੱਧ ਪ੍ਰਦੇਸ਼ ਵਿੱਚ ਮੰਦਰਾਂ ਦੇ ਸਮੂਹ ਨੂੰ ਖਜੁਰਾਹੋ ਵਜੋਂ ਪੂਰੇ ਵਿਸ਼ਵ ਵਿੱਚ ਵਿਸ਼ਵ ਵਿਰਾਸਤ ਵਜੋਂ ਸਭ ਜਾਣਦੇ ਹਨ, ਪਰ ਇਹ ਗੱਲ ਘੱਟ ਲੋਕਾਂ ਨੂੰ ਪਤਾ ਹੈ ਕਿ ਖਜੁਰਾਹੋ ਦਾ ਨਾਮ ਇਸ ਇਲਾਕੇ ਵਿੱਚ ਮਿਲਦੇ ਖਜੂਰਾਂ ਦੇ ਰੁੱਖ ਤੋਂ ਪਿਆ ਸੀ। ਪੁਰਾਤਨ ਵੇਲਿਆਂ ਵਿੱਚ ਇਸ ਨੂੰ ਖਜੂਰ ਵਾਟਿਕਾ ਵਜੋਂ ਵੀ ਜਾਣਿਆ ਜਾਂਦਾ ਸੀ। ਹੀਰ ਵਾਰਿਸ ਸ਼ਾਹ ਵਿੱਚ ਖਜੂਰ ਦਾ ਵਰਨਣ ਕੰਡਿਆਂ (ਖਾਰ) ਦੇ ਸੰਬੰਧ ਵਿੱਚ ਆਉਂਦਾ ਹੈ:

ਜੋ ਕੇ ਏਸ ਜਹਾਨ 'ਤੇ ਆਦਮੀ ਹੈ,
ਰੋਂਦਾ ਮਰੇਗਾ ਉਮਰ ਥੀਂ ਝੂਰਦਾ ਈ।
ਸਦਾ ਖੁਸ਼ੀ ਨਾਹੀਂ ਕਿਸੇ ਨਾਲ ਨਿਭਦੀ,
ਏਹ ਜ਼ਿੰਦਗੀ ਨੇਸ਼ ਜੰਬੂਰ ਦਾ ਈ।
ਬੰਦਾ ਜੀਵਣੇ ਦੀਆਂ ਨਿਤ ਕਰ ਆਸਾਂ,
ਇਜ਼ਰਾਈਲ ਸਿਰੇ ਉਠੇ ਘੂਰਦੇ ਈ।
ਵਾਰਿਸ ਸ਼ਾਹ ਇਸ ਇਸ਼ਕ ਦੇ ਕਰਨ-ਹਾਰਾ,
ਵਾਲ ਵਾਲ ਤੇ ਖਾਰ ਖਜੂਰ ਦਾ ਈ।

ਇਸ ਤੋਂ ਇਲਾਵਾ ਵੀ ਸਾਡੇ ਪੰਜਾਬੀ ਸਾਹਿਤ ਵਿੱਚ ਖਜੂਰ ਦਾ ਜ਼ਿਕਰ ਅਨੇਕ ਥਾਵਾਂ 'ਤੇ ਮਿਲਦਾ ਹੈ ਜੋ ਤੁਕਬੰਦੀ ਦੇ ਨਾਲ-ਨਾਲ ਲੰਮੇ-ਲੰਝੇ ਕੱਦ ਦੀ ਹਾਮੀ ਭਰਦਾ ਹੈ।

ਲੰਬੀਏ ਨੀਂ ਲੰਬੀਏ ਲਾਲ ਖਜੂਰੇ
ਕੀਹਨੇ ਵਰ ਟੋਲਿਆ ਨੀਂ ਦੂਰੇ
ਬਾਬਲ ਤਾਂ ਮੇਰਾ ਦੇਸਾਂ ਦਾ ਰਾਜਾ
ਜੀਹਨੇ ਵਰ ਟੋਲਿਆ ਨੀਂ ਦੂਰੇ
ਮਾਤਾ ਮੇਰੀ ਮਹਿਲਾਂ ਦੀ ਰਾਣੀ
ਦਾਜ ਦਿੱਤਾ ਗੱਡ ਪੂਰੇ।
ਲੰਬੀਏ ਨੀਂ ਲੰਝੀਏ ਲਾਲ ਖਜੂਰੇ
ਕੀਹਨੇ ਵਰ ਟੋਲਿਆ ਨੀਂ ਦੂਰੇ।

ਮੱਧ ਪੂਰਬ ਦੇ ਰੇਗਿਸਤਾਨ ਦੇ ਇਸ ਫ਼ਲ ਬਾਰੇ ਪੁਰਾਤਨ ਵੇਲਿਆਂ ਤੋਂ ਆਖਿਆ ਜਾਂਦਾ ਹੈ ਕਿ ਇਸ ਦਾ ਸਿਰ ਅੱਗ ਵਿੱਚ ਅਤੇ ਪੈਰ ਪਾਣੀ ਵਿੱਚ ਹੋਣੇ ਚਾਹੀਦੇ ਹਨ, ਭਾਵ ਇਸ ਨੂੰ ਪੱਕਣ ਲਈ ਤੇਜ਼ ਧੁੱਪ ਯਾਨੀ ਗਰਮੀ ਅਤੇ ਖੂਬ ਸਿੰਜਾਈ ਦੀ ਲੋੜ ਹੁੰਦੀ ਹੈ। ਕਈ ਵਾਰ ਪਾਣੀ ਦੀ ਬਹੁਤਾਤ ਜਾਂ ਜੜ੍ਹਾਂ ਵਿੱਚ ਖੜ੍ਹਾ ਪਾਣੀ ਹਾਨੀਕਾਰਕ ਵੀ ਸਿੱਧ ਹੁੰਦਾ ਹੈ। ਕਿਸਮ ਅਨੁਸਾਰ ਇਹ ਰੁੱਖ ਅਨੁਕੂਲ ਹਾਲਤਾਂ ਵਿੱਚ 100 ਫੁੱਟ ਤੋਂ ਵੀ ਉਪਰ ਚਲਾ ਜਾਂਦਾ ਹੈ ਅਤੇ ਲੰਬੇ ਤਣੇ ਉਪਰ ਛਤਰੀਨੁਮਾ ਲੱਗੇ ਪੱਤਿਆਂ ਦੀ ਲੰਬਾਈ ਮੀਟਰਾਂ ਵਿੱਚ ਹੁੰਦੇ ਹਨ। ਰੁੱਖ ਦੀ ਖ਼ਾਸ ਗੱਲ ਇਹ ਵੀ ਹੈ ਕਿ ਨਰ ਅਤੇ ਮਾਦਾ ਫੁੱਲਾਂ ਵਾਲੇ ਰੁੱਖ ਵੱਖ-ਵੱਖ ਹੁੰਦੇ ਹਨ ਤੇ ਉਨ੍ਹਾਂ ਵਿੱਚੋਂ ਫ਼ਲ ਸਿਰਫ਼ ਮਾਦਾ ਫੁੱਲਾਂ ਵਾਲੇ ਰੁੱਖਾਂ ਨੂੰ ਲੱਗਦਾ ਹੈ। ਪਰਾਗਣ ਕਿਰਿਆ ਪੂਰਤੀ ਲਈ ਕੁਝ ਰੁੱਖਾਂ ਮਗਰ ਇੱਕ ਨਰ ਰੁੱਖ ਜ਼ਰੂਰੀ ਹੁੰਦਾ ਹੈ। ਰੁੱਖ ਨੂੰ ਫੁੱਲ ਹਲਕੇ ਪੀਲੇ ਰੰਗ ਦੇ ਗੁੱਛਿਆਂ ਵਿੱਚ ਲੱਗਦੇ ਹਨ, ਜਿਨ੍ਹਾਂ ਦੀ ਦਿੱਖ ਬੋਤੇ ਦੀ ਪੂਛ ਵਰਗੀ ਹੁੰਦੀ ਹੈ। ਫ਼ਲ ਸ਼ੁਰੂ ਦੇ ਦਿਨਾਂ ਵਿੱਚ ਹਰਾ, ਫਿਰ ਪੀਲਾ ਸੰਤਰੀ ਤੇ ਪੱਕ ਕੇ ਲਾਲ ਭੂਰੇ ਰੰਗ ਦਾ ਹੋ ਜਾਂਦਾ ਹੈ। ਇਨ੍ਹਾਂ ਫ਼ਲਾਂ ਤੋਂ ਰੁੱਖ ਤਿਆਰ ਹੋ ਸਕਦੇ ਹੁੰਦੇ ਹਨ, ਪਰ ਮੂਲ ਰੁੱਖ ਦੇ ਮੁੱਢੋਂ ਫੁੱਟੇ ਹੋਏ ਛੋਟੇ-ਛੋਟੇ ਪੌਦੇ ਨੁਮਾ ਪ੍ਰਸੂਇਆਂ (ਸੱਕਰ) ਨੂੰ ਜੜ੍ਹਾਂ ਸਮੇਤ ਪੁੱਟ ਕੇ ਲਾਉਣਾ ਬਿਹਤਰ ਹੁੰਦਾ ਹੈ। ਅਜੋਕੇ ਸਮੇਂ ਵਿੱਚ ਟਿਸ਼ੂ ਕਲਚਰ ਵਿਧੀ ਰਾਹੀਂ ਵੀ ਪੌਦੇ ਤਿਆਰ ਕੀਤੇ ਜਾਣ ਲੱਗੇ ਹਨ। ਖਜੂਰ ਨੂੰ ਕਾਸ਼ਤ ਲਈ ਉਨ੍ਹਾਂ ਇਲਾਕਿਆਂ ਵਿੱਚ ਲਾਉਣਾ ਬਿਹਤਰ ਸਮਝਿਆ ਜਾਂਦਾ ਹੈ ਜਿੱਥੇ ਫ਼ਲ ਪੱਕਣ ਵੇਲੇ ਮੌਸਮ ਖੁਸ਼ਕ ਤੇ ਨਮੀ ਰਹਿਤ ਹੋਵੇ। ਉਂਜ ਇਹ ਰੁੱਖ ਖਾਰੀਆਂ ਤੇ ਨਮਕੀਨ ਪਾਣੀ ਵਾਲੀਆਂ ਜ਼ਮੀਨਾਂ ਵਿੱਚ ਵੀ ਚੱਲਣ ਦੀ ਸਮਰੱਥਾ ਰੱਖਦਾ ਹੈ। ਸਾਡੀਆਂ ਵਾਤਾਵਰਣ ਹਾਲਤਾਂ ਵਿੱਚ ਫ਼ਲਾਂ ਨੂੰ ਕੱਚਾ ਖਾਣ ਜਾਂ ਛੁਆਰੇ ਬਣਾਉਣ ਲਈ ਹਲਾਈ ਅਤੇ ਬਰੀ ਨਾਮੀ ਕਿਸਮਾਂ ਸ਼ਿਫਾਰਸ਼ ਕੀਤੀਆਂ ਜਾਂਦੀਆਂ ਹਨ। ਫਰਵਰੀ-ਮਾਰਚਾਂ ਜਾਂ ਅਗਸਤ-ਸਤੰਬਰ ਬੂਟੇ ਲਾਉਣ ਲਈ ਠੀਕ ਮੰਨੇ ਜਾਂਦੇ ਹਨ। ਖਜੂਰਾਂ ਦੇ ਬੂਟੇ ਤਕਰੀਬਨ ਪੰਜ ਸਾਲਾਂ ਦੀ ਉਮਰ ਵਿੱਚ ਫ਼ਲ ਦੇਣਾ ਸ਼ੁਰੂ ਕਰ ਦਿੰਦੇ ਹਨ।

ਖਜੂਰ ਦੇ ਫ਼ਲ ਵਿਸ਼ਵ ਵਿੱਚ ਬਿਹਤਰੀਨ ਖੁਰਾਕ ਪਦਾਰਥ ਜਾਣੇ ਜਾਂਦੇ ਹਨ, ਜਿਨ੍ਹਾਂ ਵਿੱਚ ਸਭ ਤੋਂ ਵੱਧ ਸ਼ੱਕਰ ਅਤੇ ਹੋਰ ਅਹਿਮ ਤੱਤ, ਜਿਵੇਂ ਪ੍ਰੋਟੀਨ, ਪੋਟਾਸ਼ੀਅਮ, ਲੋਹਾ, ਵਿਟਾਮਿਨ ਆਦਿ ਪਾਏ ਜਾਂਦੇ ਹਨ। ਪੁਰਾਣੇ ਵੇਲਿਆਂ ਵਿੱਚ ਇਹ ਫ਼ਲ ਬੱਚਿਆਂ ਨੂੰ ਦੁੱਧ ਵਿੱਚ ਉਬਾਲ ਕੇ ਦੇਣ ਦਾ ਰਿਵਾਜ ਹਰ ਘਰ ਵਿੱਚ ਵੇਖਣ ਨੂੰ ਮਿਲਦਾ ਸੀ। ਫਾਈਬਰ/ਰੇਸ਼ਾ ਹੋਣ ਕਰ ਕੇ ਕਬਜ਼ ਲਈ ਵੀ ਗੁਣਕਾਰੀ ਮੰਨਿਆ ਜਾਂਦਾ ਹੈ। ਬੇਹੱਦ ਮਿਠਾਸ ਦਾ ਕਾਰਨ ਫ਼ਲ ਅੰਦਰਲੇ ਗੁਲੂਕੋਜ਼, ਸੂਕਰੋਜ ਅਤੇ ਫਰੱਕਟੋਜ਼ ਹੁੰਦੀ ਹੈ, ਜੋ ਮਨੁੱਖੀ ਸਰੀਰ ਦੀ ਥਕਾਨ ਨੂੰ ਮਿੰਟਾਂ ਵਿੱਚ ਤਿੱਤਰ ਕਰ ਦਿੰਦੀ ਹੈ। ਅਨੇਕਾਂ ਵਿਟਾਮਿਨਾਂ ਭਰਪੂਰ ਇਹ ਫ਼ਲ ਕਈ ਬਿਮਾਰੀਆਂ, ਜਿਵੇਂ ਪੇਟ ਰੋਗ, ਅੱਖਾਂ ਦੀ ਰੋਸ਼ਨੀ, ਹੱਡੀਆਂ ਦੇ ਰੋਗ ਲਈ ਸਹਾਈ ਹੁੰਦੇ ਹਨ। ਇਹ ਐਂਟੀ ਆਕਸੀਡੈਂਟ ਮੌਜੂਦਗੀ ਹੋਣ ਕਰਕੇ ਬੇਹੱਦ ਗੁਣਕਾਰੀ ਹੁੰਦੇ ਹਨ। ਖਜੂਰ ਤੋਂ ਪ੍ਰਾਪਤ ਤਾਜ਼ਾ ਤਰਲ ਪੀਣ ਲਈ ਵਰਤਿਆ ਜਾਂਦਾ ਹੈ ਅਤੇ ਖਮੀਰਨ ਕਿਰਿਆ ਰਾਹੀਂ ਟੋਡੀ ਨਾਮਕ ਸ਼ਰਾਬ, ਗੜ੍ਹ, ਜੈਲੀ ਤਿਆਰ ਕੀਤੀ ਜਾਂਦੀ ਹੈ। ਕੁਝ ਲੋਕ ਖਜੂਰ ਦਾ ਸਿਰਕਾ, ਚਟਣੀ, ਆਚਾਰ, ਜੂਸ, ਜੈਮ, ਬੇਕਰੀ ਸਾਮਾਨ ਵੀ ਪਸੰਦ ਕਰਦੇ ਹਨ। ਖਜੂਰਾਂ ਗਰਭਵਤੀ ਔਰਤਾਂ ਵਿੱਚ ਆਸਾਮ ਜਣੇਪਾ ਹੋਣ ਵਿੱਚ ਬਹੁਤ ਲਾਭਕਾਰੀ ਮੰਨੀਆਂ ਜਾਂਦੀਆਂ ਹਨ। ਦਿਮਾਗੀ ਸ਼ਕਤੀ, ਚਮੜੀ, ਵਾਲਾਂ, ਗੁਰਦਿਆਂ ਆਦਿ ਲਈ ਖਜੂਰਾਂ ਦਾ ਸੇਵਨ ਬੇਹੱਦ ਗੁਣਕਾਰੀ ਦੱਸਿਆ ਜਾਂਦਾ ਹੈ। ਕੁਝ ਖੋਜਾਂ ਕਈ ਤਰ੍ਹਾਂ ਦੇ ਕੈਂਸਰ ਤੋਂ ਬਚਾਅ ਹੋਣ ਵੱਲ ਇਸ਼ਾਰਾ ਕਰਦੀਆਂ ਹਨ।

ਦਵਾਈਆਂ ਵਾਲੇ ਗੁਣਾਂ ਦੇ ਨਾਲ ਖਜੂਰ ਦਾ ਹਰ ਹਿੱਸਾ ਮਨੁੱਖ ਦੀ ਵਰਤੋਂ ਵਿੱਚ ਆਉਂਦਾ ਹੈ। ਇਸ ਦੀ ਲੱਕੜ ਮਕਾਨ, ਛੱਤਾਂ, ਵਾੜ ਬਣਾਉਣ ਤੇ ਪੱਤੇ ਝਾੜ ਰੱਸੀਆਂ ਟੋਕਰੀਆਂ, ਪੱਖੀਆਂ ਤੇ ਚਟਾਈਆਂ ਬਣਾਉਣ ਦੇ ਕੰਮ ਆਉਂਦੇ ਹਨ।

ਪਿਛਲੇ ਕੁਝ ਸਾਲਾਂ ਦੌਰਾਨ ਪੰਜਾਬ ਵਿੱਚ ਖਜੂਰਾਂ ਲਾਉਣ ਦਾ ਰੁਝਾਨ ਵਧਿਆ ਹੈ। ਜ਼ਿਆਦਾਤਰ ਖਜੂਰਾਂ ਫ਼ਲਾਂ ਦੀ ਪ੍ਰਾਪਤੀ ਦੀ ਬਜਾਏ ਲੈਂਡਸਕੇਪਿੰਗ ਭਾਵ ਬਗੀਚੀਆਂ ਵਿੱਚ ਖ਼ੂਬਸੂਰਤ ਦਿਖ ਲਈ ਵਰਤੀਆਂ ਜਾਣ ਲੱਗੀਆਂ ਹਨ। ਕੁਝ ਸਾਲ ਪਹਿਲਾਂ ਸੜਕਾਂ ਦੇ ਆਸ-ਪਾਸ ਕਾਫ਼ੀ ਖਜੂਰਾਂ ਲਾਈਆਂ ਗਈਆਂ। ਵੱਡ ਅਕਾਰੀ ਤੇ ਵੱਡ ਉਮਰ ਦੇ ਖਜੂਰਾਂ ਦੇ ਰੁੱਖ ਚਾਰ-ਪੰਜ ਹਜ਼ਾਰ ਰੁਪਏ ਤੋਂ ਲੈ ਕੇ ਅੱਠ-ਦਸ ਹਜ਼ਾਰ ਤੱਕ ਨਰਸਰੀਆਂ ਵਿੱਚ ਆਸਾਨੀ ਨਾਲ ਮਿਲ ਜਾਂਦੇ ਹਨ। ਪਿਛਲੇ ਕੁਝ ਸਮੇਂ ਤੋਂ ਕਈ ਪਿੰਡਾਂ ਵਿੱਚ ਵੀ ਛੱਪੜਾਂ ਨੂੰ ਝੀਲਾਂ ਦਾ ਰੂਪ ਦੇਣ ਸਮੇਂ ਆਸ-ਪਾਸ ਕਾਫ਼ੀ ਖਜੂਰਾਂ ਲਾਈਆਂ ਗਈਆਂ। ਖਜੂਰਾਂ ਨੂੰ ਖ਼ੂਬਸੂਰਤੀ ਹਿੱਤ ਵਰਤਣਾ ਕੋਈ ਮਾੜੀ ਗੱਲ ਨਹੀਂ, ਪਰ ਇਹ ਕੰਮ ਵਿਉਂਤਬੰਦੀ ਅਨੁਸਾਰ ਕਰਨਾ ਚਾਹੀਦਾ ਹੈ। ਵੱਡ ਅਕਾਰੀ ਬਗੀਚੀਆਂ ਵਿੱਚ ਖਜੂਰਾਂ ਹੋਰਨਾਂ ਅਨੇਕਾਂ ਰੁੱਖ-ਪੌਦਿਆਂ ਸਮੇਤ ਨਕਸ਼ੇ ਅਨੁਸਾਰ ਲਾ ਕੇ ਹੀ ਖ਼ੂਬਸੂਰਤ ਦ੍ਰਿਸ਼ ਤਿਆਰ ਕੀਤੇ ਜਾ ਸਕਦੇ ਹਨ।

## ਕਹਾਣੀ: ਕੁਝ ਨਾ ਕਹੋ

-ਸੰਗੀਤਾ ਮਾਥੁਰ-

ਜੀਜਾ ਜੀ ਪਰਵ ਦੇ ਵਿਆਹ ਦਾ ਕਾਰਡ ਦੇ ਗਏ ਸਨ। ''ਇਕਦਮ ਸਾਦੇ ਸਮਾਰੋਹ ਵਿੱਚ ਸਿਰਫ ਤਿੰਨ ਕੱਪੜਿਆਂ ਨੂੰ ਵਹੁਟੀ ਵਿਆਹ ਕੇ ਲਿਆ ਰਿਹਾ ਹੈ।'' ਸਾਦੇ ਜਿਹੇ ਕਾਰਡ ਵਿੱਚ ਅਖੀਰ ਵਿੱਚ ਲਿਖਿਆ ਵਿਸ਼ੇਸ਼ ਨੋਟ-'ਕ੍ਰਿਪਾ ਕੋਈ ਤੋਹਫਾ ਨਾ ਲਿਆਓ। ਤੁਹਾਡਾ ਆਸ਼ੀਰਵਾਦ ਹੀ ਤੋਹਫਾ ਹੈ' ਨੇ ਪਰਵ ਪ੍ਰਤੀ ਮੇਰਾ ਪਿਆਰ ਤੇ ਸਨਮਾਨ ਦੁੱਗਣਾ ਕਰ ਦਿੱਤਾ। ਥੰਮ੍ਹ ਜਿਹੀ ਜਾਂਦੀ ਹੈ ਜ਼ਿੰਦਗੀ, ਜਦ ਜੰਮ ਕੇ ਵਰ੍ਹਦੀਆਂ ਹਨ ਪੁਰਾਣੀਆਂ ਯਾਦਾਂ।

ਦੀਦੀ ਦੇ ਦਿਓਰ ਪੀਊਸ਼ ਦੀ ਵਿਆਹ ਵਿੱਚ ਮੁਲਾਕਾਤ ਹੋਈ ਸੀ ਉਸ ਦੇ ਚਚੇਰੇ ਦਿਓਰ ਪਰਵ ਨਾਲ। ਪੂਰਾ ਵਿਆਹ ਉਹ ਮੇਰੇ ਆਸਪਾਸ ਹੀ ਰਿਹਾ। ਦੀਦੀ ਨੇ ਮੈਨੂੰ ਛੇੜਿਆ ਸੀ, ''ਦਿਲ ਆ ਗਿਆ ਦਿਸਦਾ ਹੈ ਤੇਰੇ 'ਤੇ। ਪੁੱਛ ਰਿਹਾ ਸੀ ਇਹ ਕੇਸਰੀ ਕੱਪੜਿਆਂ ਵਾਲੀ ਲੜਕੀ ਕੌਣ ਹੈ?''

ਮੇਰਾ ਕੈਮਲ ਕਲਰ ਦਾ ਸ਼ਰਾਰਾ ਸੂਟ ਉਸ ਚਮਕਦੀਆਂ ਲਾਈਟਾਂ ਵਿੱਚ ਕੇਸਰੀ ਲੱਗਿਆ? ''ਇਹ ਵੀ ਕਹਿ ਰਿਹਾ ਸੀ ਕਿ ਵਿਆਹ ਵਿੱਚ ਭਲਾ ਕੌਣ ਦਾਲ-ਚੌਲ ਖਾਂਦਾ ਹੈ?''

''...ਤਾਂ ਕੀ ਉਸ ਦੇ ਵਾਂਗ ਹਰ ਸਮੇਂ ਮਠਿਆਈਆਂ ਹੀ ਠੂਸੀ ਜਾਵਾਂ?''

''ਹੂੰ! ਮਤਲਬ ਮੈਡਮ ਦੀ ਵੀ ਬਰਾਬਰ ਨਜ਼ਰ ਹੈ ਉਸ 'ਤੇ। ਉਂਝ ਲੜਕਾ ਚੰਗਾ ਹੈ, ਇੰਜੀਨੀਅਰਿੰਗ ਕਰ ਕੇ ਹੁਣੇ ਨੌਕਰੀ ਲੱਗਾ ਹੈ। ਗੱਲ ਚਲਾਵਾਂ?'' ਦੀਦੀ ਗੰਭੀਰ ਹੋ ਗਈ ਸੀ।

''ਬਿਲਕੁਲ ਨਹੀਂ।'' ਬਾਹਰ ਕਦਮਾਂ ਦੀ ਆਹਟ ਹੋਈ ਤਾਂ ਸਾਡੀਆਂ ਗੱਲਾਂ ਨੂੰ ਵਿਰਾਮ ਲੱਗ ਗਿਆ। ਪੀਊਸ਼ ਅਤੇ ਪਰਵ ਸਨ। ''ਭਾਬੀ, ਟਰਾਇਲ ਵਿੱਚ ਸ਼ੇਰਵਾਨੀ ਦਾ ਬਟਨ ਨਿਕਲ ਗਿਆ।'' ਅੱਧ ਖੁੱਲ੍ਹੀ ਸ਼ੇਰਵਾਨੀ ਵਿੱਚ ਪੀਊਸ਼ ਨੂੰ ਦੇਖ ਕੇ ਸਾਡਾ ਹਾਸਾ ਨਿਕਲ ਗਿਆ। ਦੀਦੀ ਧਾਗਾ ਪਰੋ ਲਿਆਈ। ਤਦ ਤੱਕ ਕਿਸੇ ਨੇ ਉਨ੍ਹਾਂ ਨੂੰ ਆਵਾਜ਼ ਮਾਰ ਲਈ। ਦੀਦੀ ਸੂਈ-ਧਾਗਾ ਮੈਨੂੰ ਫੜਾ ਕੇ ਚਲੀ ਗਈ। ਬਟਨ ਲਾਉਂਦੇ ਹੋਏ ਮੈਂ ਗੌਰ ਕੀਤਾ, ਦੋਵੇਂ ਚੁੱਪਚਾਪ ਅਤੇ ਗੰਭੀਰ ਸਨ। ਹੁਣ ਤੱਕ ਦੀਦੀ ਵਾਪਸ ਆ ਗਈ ਸੀ।

''ਭਾਬੀ, ਮੰਮੀ-ਪਾਪਾ ਦੀਆਂ ਮੰਗਾਂ ਤਾਂ ਸੁਰਸਾ ਦੇ ਮੂੰਹ ਵਾਂਗ ਵਧਦੀਆਂ ਹੀ ਜਾ ਰਹੀਆਂ ਹਨ।'' ਪੀਊਸ਼ ਨੇ ਸ਼ਿਕਾਇਤੀ ਲਹਿਜ਼ੇ, ਪਰ ਲਾਚਾਰ ਸੁਰ ਵਿੱਚ ਕਿਹਾ।

''ਭਰਾ, ਵਿਆਹਾਂ ਵਿੱਚ ਇਹ ਸਭ ਚੱਲਦਾ ਹੈ।'' ਪਰਵ ਬੋਲਿਆ। ''ਅਸੀਂ ਚੱਲਣ ਦਿੰਦੇ ਹਾਂ, ਇਸ ਲਈ ਚੱਲਦਾ ਹੈ। ਤੁਸੀਂ ਅੱਜ ਨਾਂਹ ਕਰੋਗੇ ਤਾਂ ਹਮੇਸ਼ਾ ਲਈ ਆਪਣੀਆਂ ਨਜ਼ਰਾਂ ਵਿੱਚ ਡਿੱਗ ਜਾਓਗੇ।'' ਮੇਰੇ ਸਮਝਾਉਣ 'ਤੇ ਪੀਊਸ਼ ਨੇ ਆਪਣੇ ਮੰਮੀ-ਪਾਪਾ ਨਾਲ ਗੱਲ ਕੀਤੀ ਸੀ ਅਤੇ ਸਭ ਕੁਝ ਠੀਕ ਹੋ ਗਿਆ ਸੀ। ਪਰਵ ਨਾਲ ਮੁਲਾਕਾਤ ਹੁੰਦੀ ਰਹਿੰਦੀ ਸੀ। ਉਹ ਸੰਜੀਦਾ ਅਤੇ ਜ਼ਿੰਮੇਵਾਰ ਹੋ ਗਿਆ ਸੀ। ਇੱਕ ਦਿਨ ਬਾਜ਼ਾਰ ਵਿੱਚ ਮਿਲਿਆ ਤਾਂ ਮੈਨੂੰ ਕੌਫੀ ਸ਼ਾਪ ਲੈ ਗਿਆ।

''ਡੇਟ 'ਤੇ ਲਿਆਇਆਂ ਏਂ ਕੀ?'' ਮੈਂ ਮਜ਼ਾਕ ਕੀਤਾ।

''ਇੰਝ ਹੀ ਸਮਝ ਲਓ।'' ਉਹ ਗੰਭੀਰ ਸੀ। 'ਜ਼ਿੰਦਗੀ ਬਦਲ ਦਿੱਤੀ ਹੈ ਤੁਸੀਂ ਮੇਰੀ। ਟੁੱਟੇ ਬਟਨ ਤੋਂ ਆਦਮੀ ਦੇ ਆਤਮ ਵਿਸ਼ਵਾਸ ਤੱਕ ਜੋੜਨ ਦਾ ਹੁਨਰ ਰੱਖਦੇ ਹੋ ਤੁਸੀਂ। ਮੈਂ ਆਪਣੀ ਵਹੁਟੀ ਇੱਕ ਜੋੜੇ ਵਿੱਚ ਵਿਆਹ ਲਿਆਵਾਂਗਾ।''

''ਉਦਾਹਰਣ ਦੇਣਾ ਆਸਾਨ ਹੈ, ਉਦਾਹਰਣ ਬਣਨਾ ਮੁਸ਼ਕਲ।''

''ਤੂੰ ਸਾਥ ਦੇਵੇਂ ਤਾਂ ਸਭ ਮੁਮਕਿਨ ਹੈ।'' ਉਹ ਬਿੱਲ ਦੇਣ ਲੱਗਾ ਤਾਂ ਮੈਂ ਅੱਧੇ ਪੈਸੇ ਰੱਖ ਦਿੱਤੇ, 'ਡੇਟ 'ਤੇ ਲੜਕਾ ਹੀ ਕਿਉਂ ਹੀ ਬਿੱਲ ਭਰੇ?''

''ਮੈਂ ਅੱਜਕੱਲ੍ਹ ਕੁਕਿੰਗ ਸਿੱਖ ਰਿਹਾ ਹਾਂ। ਪਰਵਾਰ ਦੇ ਲਈ ਇਸਤਰੀ ਹੀ ਕਿਉਂ ਪਕਾਏ?''

''ਵਾਹ! ਆਈ ਐਮ ਇੰਪ੍ਰੈਸਡ।''

ਪਰਵ ਦੇ ਲਈ ਮੇਰੇ ਦਿਲ ਵਿੱਚ ਵੀ ਕੋਮਲ ਭਾਵਨਾਵਾਂ ਜਨਮ ਲੈਣ ਲੱਗੀਆਂ ਸਨ ਕਿ ਸਫਲ ਬਿਜ਼ਨਸਮੈਨ ਵਿਪੁਲ ਨਾਲ ਮੇਰਾ ਰਿਸ਼ਤਾ ਤੈਅ ਹੋ ਗਿਆ। ਪਰਵ ਕਾਫੀ ਸਮੇਂ ਤੋਂ ਨਹੀਂ ਮਿਲਿਆ ਸੀ, ਨਾ ਕੋਈ ਮੈਸੇਜ ਸੀ।

ਉਸ ਦੀ ਇਸ ਚੁੱਪ ਦਾ ਰਹੱਸ ਮੰਗਣੀ ਦੀ ਰਾਤ ਮਾਂ ਅਤੇ ਦੀਦੀ ਦੀਆਂ ਗੱਲਾਂ ਤੋਂ ਖੁੱਲ੍ਹਿਆ। ''ਤੁਹਾਨੂੰ ਵਾਣੀ ਨੂੰ ਪਰਵ ਦਾ ਰਿਸ਼ਤਾ ਆਉਣ ਦੀ ਗੱਲ ਦੱਸਣੀ ਤਾਂ ਚਾਹੀਦੀ ਸੀ।''

''ਉਸ ਪਰਵਾਰ ਦਾ ਸਾਡੇ ਨਾਲ ਮੇਲ ਨਹੀਂ ਖਾਂਦਾ। ਵਾਣੀ ਵਿਪੁਲ ਨਾਲ ਜ਼ਿਆਦਾ ਖੁਸ਼ ਰਹੇਗੀ।'' ਮਾਂ ਦਾ ਸੱਚਾਈ ਛੁਪਾਉਣਾ ਚੁੱਭਿਆ ਸੀ, ਪਰ ਵਿਪੁਲ ਬਾਰੇ ਕੀਤਾ ਉਨ੍ਹਾਂ ਦਾ ਦਾਅਵਾ ਗਲਤ ਸੀ। ਮੈਂ ਵਿਪੁਲ ਨਾਲ ਬਹੁਤ ਖੁਸ਼ ਹਾਂ। ਪਰ ਪਰਵ? ਕਿੰਨੀ ਕੜਵਾਹਟ ਹੋਵੇਗੀ ਉਸ ਦੇ ਮਨ ਵਿੱਚ ਮੇਰੇ ਪ੍ਰਤੀ। ਸਾਰੇ ਵਿਆਹ ਵਿੱਚ ਅਪਰਾਧ ਬੋਧ ਨਾਲ ਭਰੀ, ਮੈਂ ਪਰਵ ਤੋਂ ਨਜ਼ਰਾਂ ਚੁਰਾਉਂਦੀ ਰਹੀ।

ਅੱਜ ਸਾਨੂੰ ਦੀਦੀ ਨੇ ਆਪਣੇ ਘਰ ਡਿਨਰ 'ਤੇ ਸੱਦਿਆ ਹੈ। ਪਰਵ ਨਾਲ ਇਕਾਂਤ ਵਿੱਚ ਸਾਹਮਣਾ ਹੋਇਆ ਤਾਂ ਮੈਂ ਝਿਜਕਣ ਲੱਗੀ।


''ਕੁਝ ਨਾ ਕਹੋ। ਤੂੰ ਮੇਰੇ ਲਈ ਅੱਜ ਵੀ ਓਨੀ ਹੀ ਸਪੈਸ਼ਲ ਏਂ। ਦਿਲ ਟੁੱਟਾ ਜ਼ਰੂਰ ਸੀ, ਪਰ ਉਸ ਪਲ ਕੜਵਾਹਟ ਨੂੰ ਮੈਂ ਦਿਲ ਦੇ ਇੱਕ ਕੋਨੇ ਵਿੱਚ ਛੁਪਾ ਲਿਆ ਸੀ। ਉਂਝ ਵੀ ਸਾਡਾ ਰਿਸ਼ਤਾ ਲਵ, ਬ੍ਰੇਕਅਪ, ਪੈਚਅਪ ਵਰਗੀਆਂ ਚੀਜ਼ਾਂ ਤੋਂ ਬਹੁਤ-ਬਹੁਤ ਉਪਰ ਹੈ। ਉਸ ਨੂੰ ਕਿਸੇ ਰਿਸ਼ਤੇ ਜਾਂ ਸ਼ਬਦਾਂ ਦੀ ਸੀਮਾ ਵਿੱਚ ਨਹੀਂ ਬੰਨ੍ਹਿਆ ਜਾ ਸਕਦਾ ਹੈ। ਮੈਂ ਅਜੇ ਤੇਰੇ ਤੋਂ ਹੋਰ ਬਹੁਤ ਕੁਝ ਸਿੱਖਣਾ ਹੈ।''

''ਮੈਂ ਵੀ!'' ਖੁਸ਼ੀ ਨਾਲ ਮੇਰੀਆਂ ਅੱਖਾਂ ਭਰ ਆਈਆਂ। ਜੋ ਸੱਚ ਵਿੱਚ ਤੈਨੂੰ ਚਾਹੁੰਦਾ ਹੈ ਉਹ ਤੇਰੇ ਤੋਂ ਕੁਝ ਨਹੀਂ ਚਾਹੁੰਦਾ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


## ਵਿਅੰਗ: ਮੈਂ ਸ਼ਗਨ ਹਾਂ

-ਮਦਨ ਗੁਪਤਾ ਸਪਾਟੂ-

ਕੱਲ੍ਹ ਬਾਬੂ ਰਾਮ ਲਾਲ 'ਸ਼ੋਅਲੇ' ਦੇ ਗੱਬਰ ਵਾਂਗ ਸਾਡੇ ਘਰ 'ਚ ਨਾਨ-ਸਟਾਪ ਬਸ ਵਾਂਗ ਅੰਦਰ ਵੜ ਆਏ ਤੇ ਹੱਥ ਚੁੱਕ ਚੁੱਕ ਕੇ ਸਾਹੋ-ਸਾਹ ਹੋਏ ਉੱਚੀ-ਉੱਚੀ ਪੁੱਛਣ ਲੱਗੇ, ''ਕਦੋਂ ਹੈ ਵਿਆਹ, ਕਦੋਂ ਹੈ ਵਿਆਹ, ਵਿਆਹ ਕਦੋਂ ਹੈ?''

ਅਸੀਂ ਪੁੱਛਿਆ, ''ਓਏ ਕੀ ਕੋਰੋਨਾ ਨੇ ਕੱਟ ਲਿਆ ਹੈ? ਅਸੀਂ ਤਾਂ ਦੂਜੇ ਵਿਆਹ ਦੀ ਗੋਲਡਨ ਜੁਬਲੀ ਮਨਾ ਚੁੱਕੇ ਹਾਂ, ਤੁਹਾਨੂੰ ਕੀ ਹੋ ਗਿਆ ਹੈ?''

''...ਤਾਂ ਕੀ ਪੱਪੂ ਦਾ ਹੋ ਗਿਆ?'' ਉਸ ਦਾ ਦੂਜਾ ਪ੍ਰਸ਼ਨ ਸੀ।

ਅਸੀਂ ਯਾਦ ਕਰਾਇਆ, ''ਓਏ ਦੋ ਬੱਚੇ ਹਨ ਪੱਪੂ ਦੇ?''

''...ਅਤੇ ਤੀਜਾ ਲੱਟੂ?''

''ਬਈ ਇੰਟੈਲੀਜੈਂਟ ਹੈ। ਉਸ ਨੇ ਲਾਕਡਾਊਨ ਤੋਂ ਪਹਿਲਾਂ ਸਾਰੇ ਲਫੜੇ ਖੁਦ ਹੀ ਨਿਪਟਾ ਲਏ।''

ਫਿਰ ਉਹ ਬੋਲੇ, ''ਕਾਫੀ ਦੇਰ ਤੋਂ ਬਾਰਾਤ 'ਚ ਜਾਣ ਦੀ ਬੇਚੈਨੀ ਹੋ ਰਹੀ ਹੈ। ਪੂਰੇ ਛੇ ਮਹੀਨ ਹੋ ਗਏ। ਕਿਤੋਂ ਕੋਈ ਆਰਡਰ ਤੱਕ ਨਹੀਂ ਆਇਆ। ਕਿਸੇ ਲਾੜੇ ਦਾ ਸਿਹਰਾ, ਘੋੜੀ, ਬੈਂਡ ਵਾਜਾ ਬਾਰਾਤ ਦੇਖਣ ਨੂੰ ਤਰਸ ਗਏ ਹਾਂ। ਕਿਸੇ ਨੇ ਤੇਰ੍ਹਵੀਂ ਤੱਕ ਨਹੀਂ ਕੀਤੀ ਕਿ ਬੰਦਾ ਜਾ ਕੇ ਬਾਹਰ ਦਾ ਖਾਣਾ ਖਾ ਲਵੇ। ਭੁੱਲ ਗਏ ਕਿ ਆਈਸਕਰੀਮ, ਗੁਲਾਬ-ਜਾਮੁਨ, ਕਿਵੇਂ ਦੇ ਹੁੰਦੇ ਹਨ। ਬਾਰਾਤ ਵਿੱਚ ਨੱਚਣ-ਗਾਉਣ-ਖਾਣ ਦਾ ਕੋਈ ਮੌਕਾ ਨਹੀਂ ਦੇ ਰਿਹਾ। ਇਸੇ ਬਹਾਨੇ ਸਰੀਰ ਖੁੱਲ੍ਹ ਜਾਂਦਾ ਸੀ। ਮਨ ਭਰ ਜਾਂਦਾ ਸੀ। ਘਰ 'ਚ ਉਹੀ ਲੌਕੀ, ਦਾਲ ਖਾਂਦੇ-ਖਾਂਦੇ, ਭਾਂਡੇ ਮਾਂਜਦੇ-ਮਾਂਜਦੇ ਅਜਿਹਾ ਲੱਗ ਰਿਹਾ ਹੈ, ਇੱਕ ਜ਼ਮਾਨਾ ਬੀਤ ਗਿਆ ਹੈ। ਤੇਰੀ ਭਾਬੀ ਮਾਸਕ ਲਾ ਕੇ ਹੱਥ 'ਚ ਸੈਨੇਟਾਈਜ਼ਰ ਦੀ ਸ਼ੀਸ਼ੀ ਫੜਾ ਕੇ ਕਿਸੇ ਰੈਸਟੋਰੈਂਟ ਜਾਂ ਹੋਟਲ ਵੱਲ ਤੱਕਣ ਵੀ ਨਹੀਂ ਦਿੰਦੀ। ਜੁੰਮਾ-ਜੁੰਮਾ ਇੱਕ ਵਿਆਹ ਦਾ ਬਹੁਤ ਖੂਬਸੂਰਤ ਕਾਰਡ ਮੋਬਾਈਲ 'ਤੇ ਨੰਨ੍ਹੇ ਗੁਪਤਾ ਦਾ ਆਇਆ ਸੀ। ਦਿਲ ਖੁਸ਼ ਹੋ ਗਿਆ। ਅਸੀਂ ਆਪਣਾ ਸੂਟ-ਬੂਟ ਪ੍ਰੈੱਸ ਕਰਵਾ ਲਿਆ। ਸ਼ਗਨ ਦਾ ਲਿਫਾਫਾ ਲਾਲ ਰੇਸ਼ਮੀ ਧਾਗੇ ਨਾਲ ਬੰਨ੍ਹ ਲਿਆ। ਅਗਲੇ ਦਿਨ ਮੈਸੇਜ ਆ ਗਿਆ ਕਿ ਤੁਹਾਨੂੰ ਵੇਟਿੰਗ 'ਚ ਰੱਖਿਆ ਹੈ। ਫਿਰ ਵਿਆਹ ਵਾਲੇ ਦਿਨ ਮੈਸੇਜ ਆ ਗਿਆ ਕਿ ਬਾਰਾਤ ਫੁੱਲ ਹੋ ਚੁੱਕੀ ਹੈ। ਇੱਕ ਵੀ ਬਾਰਾਤੀ ਦਾ 51ਵਾਂ ਨੰਬਰ ਦਿਖਿਆ ਤਾਂ ਸਮਝੋ ਸਿੱਧਾ ਅੰਦਰ ਚਲਾ ਗਿਆ। ਤੁਸੀਂ ਸ਼ਗਨ ਪੇ ਟੀ ਐਮ ਕਰੋ ਅਤੇ ਮੋਬਾਈਲ ਉੱਤੇ ਜੋ ਕਾਰਡ ਦਿੱਤਾ ਜਾ ਰਿਹਾ ਹੈ, ਉਸ ਨੂੰ ਦਬਾ ਕੇ ਵੀਡੀਓ ਉੱਤੇ ਵਿਆਹ ਦਾ ਆਨੰਦ ਲਓ ਅਤੇ ਲਾੜਾ-ਲਾੜੀ ਨੂੰ ਆਪਣਾ ਆਸ਼ੀਰਵਾਦ ਦਿਓ।

ਅਸੀਂ ਆਪਣੀ ਸਵੀਟ ਹਾਰਟ ਨੂੰ ਕਿਹਾ, ''ਦੇਖੋ, ਸਾਨੂੰ ਸਮਝਾ ਰਿਹਾ ਹੈ।''

ਅਸੀਂ ਬਾਬੂ ਰਾਮ ਲਾਲ ਦਾ ਦਰਦ ਸਮਝ ਗਏ। ਉਨ੍ਹਾਂ ਨੂੰ ਹਰ ਬੇਗਾਨੇ ਵਿਆਹ 'ਚ ਦੂਜਿਆਂ ਦੇ ਸੂਟ ਪਹਿਨ ਕੇ, ਨਾਗਿਨ ਡਾਂਸ ਕੀਤੇ ਕਾਫੀ ਟਾਈਮ ਹੋ ਚੁੱਕਾ ਸੀ। ਕਿਤੇ ਵੀ ਟੈਂਟ ਦੇਖਦੇ, ਸੂਟ-ਬੂਟ, ਟਾਈ ਬੰਨ੍ਹ ਕੇ ਗੁਲਾਬੀ ਪਗੜੀ ਲਾ ਕੇ ਅਤੇ ਹੱਥ ਵਿੱਚ ਸ਼ਗਨ ਦਾ ਲਿਫਾਫਾ ਘੁੰਮਾਉਂਦੇ ਅਚਾਨਕ ਐਂਟਰੀ ਮਾਰ ਲੈਂਦੇ ਸਨ। ਜਿਵੇਂ ਮੌਕਾ ਹੁੰਦਾ, ਥਾਂ, ਸਥਿਤੀ ਤੇ ਸਮੇਂ ਅਨੁਸਾਰ ਡਾਂਸ ਵਾਂਸ, ਹੈਲੋ-ਹਾਏ, ਤੁਹਾਨੂੰ ਵਧਾਈ ਵਗੈਰਾ ਜੁਮਲੇ ਲਾ ਕੇ ਡਕਾਰ ਮਾਰਦੇ ਅਗਲੇ ਵਿਆਹ ਲਈ ਨਿਕਲ ਲੈਂਦੇ। ਸ਼ਹਿਰ ਵਿੱਚ 500 ਤੋਂ ਜ਼ਿਆਦਾ ਹੋਟਲ, ਮੈਰਿਜ ਪੈਲੇਸ ਹਨ। ਨਾਸ਼ਤਾ ਕਿਤੇ, ਲੰਚ ਕਿਤੇ ਤਾਂ ਡਿਨਰ ਕਿਤੇ। ਲੜਕੀ ਵਾਲੇ ਉਨ੍ਹਾਂ ਨੂੰ ਲੜਕੇ ਵਾਲਿਆਂ ਵੱਲੋਂ ਸਮਝਦੇ ਤਾਂ ਦੂਜਾ ਪੱਖ ਉਨ੍ਹਾਂ ਨੂੰ ਲੜਕੀ ਵਾਲਾ ਸਮਝ ਲੈਂਦਾ। ਉਸੇ ਵੈਨਿਊ ਦੀ ਵਾਰੀ ਇੱਕ ਸਾਲ ਬਾਅਦ ਆਉਂਦੀ ਅਤੇ ਘਰ ਦੀ ਗੈਸ ਖਰਚ ਕੀਤੇ ਬਿਨਾਂ ਤਿੰਨੇ ਸਮੇਂ ਦਾ ਜੁਗਾੜਾ ਚੱਲ ਰਿਹਾ ਸੀ। 12 ਘੰਟੇ, 365 ਦਿਨ ਬਿਜ਼ੀ ਰਹਿੰਦੇ। ਕਿਤੇ ਲੰਚ ਦਾ ਜੁਗਾੜ ਨਾ ਹੁੰਦਾ ਤਾਂ ਅਖਬਾਰ ਵਿੱਚ ਰਸਮ ਕਿਰਿਆ ਦਾ ਵਿਗਿਆਪਨ ਬਾਬੂ ਰਾਮ ਲਾਲ ਦਾ ਮਨਪਸੰਦ ਕਾਲਮ ਸੀ, ਜਿਸ ਨੂੰ ਸਭ ਤੋਂ ਪਹਿਲਾਂ ਦੇਖਣਾ ਉਹ ਕਦੇ ਮਿਸ ਨਹੀਂ ਕਰਦੇ। ਉਥੇ ਦਸ ਰੁਪਏ ਅਤੇ ਫੋਟੋ ਅੱਗੇ ਫੁੱਲ ਚੜ੍ਹਾ ਕੇ ਵਿਆਹ ਵਰਗੇ ਖਾਣੇ ਦਾ ਮਜ਼ਾ ਆ ਜਾਂਦਾ ਸੀ। ਕੰਬਖਤ ਕੋਰੋਨਾ ਨੇ ਉਸ ਜੁਗਾੜ 'ਤੇ ਪਾਣੀ ਫੇਰ ਦਿੱਤਾ, ਨਹੀਂ ਤਾਂ ਰਾਮ ਲਾਲ ਵੱਲ ਸ਼ਰਧਾਂਜਲੀ ਦੇ ਤੌਰ 'ਤੇ ਇੱਕ ਭਜਨ ਅਤੇ ਸਵਰਗੀ ਨਾਲ ਆਪਣੇ ਨੇੜਤਾ ਦਾ ਅਜਿਹਾ ਸਮਾਂ ਬੰਨ੍ਹਦੇ ਕਿ ਇੱਕ ਵਾਰ, ਮਰਨ ਵਾਲਾ ਵੀ ਸੋਚਦਾ, ਚੰਗਾ ਮੇਰੇ 'ਚ ਇੰਨੇ ਗੁਣ ਸਨ ਅਤੇ ਰਿਸ਼ਤੇਦਾਰ ਮੂੰਹ ਤੱਕ ਨਹੀਂ ਲਾਉਂਦੇ ਸਨ। ਮੈਂ ਤਾਂ ਐਵੇਂ ਅਕਾਲ ਚਲਾਣਾ ਕਰ ਗਿਆ।

ਕਈ ਵਿਆਹਾਂ 'ਚ ਜਿੱਥੇ ਥੋੜ੍ਹੀ ਬਹੁਤ ਜਾਣ ਪਛਾਣ ਹੁੰਦੀ, ਉਹ ਸ਼ਗਨ ਦਾ ਲਿਫਾਫਾ ਮੂੰਹ 'ਚ ਫਸਾ ਕੇ ਨਾਗਿਨ ਡਾਂਸ ਵੀ ਕਰ ਲੈਂਦੇ, ਮਿਲਣੀ ਦੇ ਸਮੇਂ ਲੜਕੇ ਦਾ ਫੁੱਫੜ ਰੁੱਸ ਕੇ ਦਾਰੂ ਦੀ ਛਬੀਲ 'ਚ ਟੁੰਨ ਹੋਇਆ ਨਾਰਾਜ਼ ਬੈਠਾ ਅਤੇ ਸ਼ਕਲ ਨਾ ਦਿਖਾਉਂਦਾ ਤਾਂ ਉਹ ਉਸ ਦੀ ਜਗ੍ਹਾ, ਉਸ ਦੀ ਛਾਲ, ਸ਼ਗਨ ਅਤੇ ਗਿਫਟ ਹਫੜਾ-ਦਫੜੀ ਵਿੱਚ ਲੈ ਲੈਂਦੇ ਸਨ। ਜਦੋਂ ਵਿਆਹ ਦੇ ਰੁਝੇਵਿਆਂ ਤੋਂ ਬਾਅਦ ਘਰ ਵਾਲੇ ਹੋਸ਼ 'ਚ ਆਉਂਦੇ ਅਤੇ ਸ਼ਗਨ ਦੇ ਲਿਫਾਫੇ ਖੋਲ੍ਹਦੇ ਹੋਏ ਲਿਸਟ ਬਣਾਉਂਦੇ ਤਾਂ ਉਨ੍ਹਾਂ ਵਿੱਚ ਇੱਕ ਅਜਿਹਾ ਲਿਫਾਫਾ ਜ਼ਰੂਰ ਨਿਕਲਦਾ, ਜਿਸ ਦੇ ਮੂੰਹ 'ਤੇ ਇੱਕ ਸਿੱਕਾ ਚਿਪਕਿਆ ਹੋਇਆ ਬਹੁਤ ਸ਼ਾਨ ਨਾਲ ਬਿਆਨ ਕਰਦਾ, ਮੈਂ ਸ਼ਗਨ ਹਾਂ। ਅੰਦਰ ਨੋਟ ਦੇ ਬਰਾਬਰ ਸਾਈਜ਼ ਦੀ ਇੱਕ ਪਰਚੀ ਨਿਕਲਦੀ ਜਿਸ 'ਤੇ ਲਿਖਿਆ ਹੁੰਦਾ ''ਲਾੜੇ ਅਤੇ ਲਾੜੀ ਨੂੰ ਸਾਡਾ ਸ਼ੁੱਭ ਆਸ਼ੀਰਵਾਦ।''

# ਕੈਪਟਨ ਅਮਰਿੰਦਰ ਨੇ ਕਿਹਾ: ਮੈਂ ਪੰਜਾਬ ਦੀ ਕਿਸਾਨੀ ਨੂੰ ਡੁੱਬਣ ਨਹੀਂ ਦੇਵਾਂਗਾ

## * ਕਿਸਾਨਾਂ ਨੂੰ ਮਾਲ ਗੱਡੀਆਂ ਲੰਘਣ ਦੇਣ ਦੀ ਅਪੀਲ ਵੀ ਕੀਤੀ



ਪਟਿਆਲਾ, 6 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਮੰਡੀ ਬੋਰਡ ਨੇ ਪਿੰਡਾਂ ਦੀਆਂ ਸੜਕਾਂ ਬਣਾਉਣੀਆਂ ਹੁੰਦੀਆਂ ਹਨ, ਭਾਰਤੀ ਖੁਰਾਕ ਨਿਗਮ (ਐੱਫ ਸੀ ਆਈ) ਵੱਲੋਂ ਖਰੀਦ ਬੰਦ ਹੋ ਗਈ ਤੇ ਮੰਡੀਆਂ ਬੰਦ ਹੋ ਗਈਆਂ ਤਾਂ ਪਿੰਡਾਂ ਦੀਆਂ ਸੜਕਾਂ ਕਿੱਥੋਂ ਬਣਨਗੀਆਂ? ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਖੇਤੀ ਸੁਧਾਰ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਕਾਨੂੰਨੀ ਚਾਰਾਜ਼ੋਈ ਕਰ ਕੇ ਜਾਂ ਇਸ ਲਈ ਅਸੈਂਬਲੀ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਇਸ ਰੱਦ ਕਰਵਾਇਆ ਜਾ ਸਕਦਾ ਹੈ। ਉਨ੍ਹਾ ਕਿਹਾ ਕਿ ਇਸ ਲਈ ਜਿਨੀ ਲੰਮੀ ਲੜਾਈ ਵੀ ਸਾਨੂੰ ਲੜਨੀ ਪਈ, ਉਹ ਲੜਾਂਗੇ। ਉਨ੍ਹਾਂ ਕਿਹਾ ਕਿ ਮੋਦੀ ਨੇ ਚੰਦ ਪੂੰਜੀਪਤੀਆਂ ਦੇ ਕਹੇ ਉੱਤੇ ਉਨ੍ਹਾਂ ਦੇ ਹਿੱਤਾਂ ਲਈ ਇਹ ਕਾਨੂੰਨ ਬਣਾ ਦਿੱਤਾ ਹੈ, ਪਰ ਮੈਂ ਪੰਜਾਬ ਦੀ ਕਿਸਾਨੀ ਨੂੰ ਡੁੱਬਣ ਨਹੀਂ ਦੇਵਾਂਗਾ।

ਅੱਜ ਏਥੇ ਇੱਕ ਰੈਲੀ ਵਿੱਚ ਬੋਲਦਿਆਂ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਨਵੇਂ ਖੇਤੀ ਸੁਧਾਰ ਕਾਨੂੰਨਾਂ ਨਾਲ ਖੇਤੀਬਾੜੀ ਦਾ ਭਵਿੱਖ ਵੱਡੇ ਖ਼ਤਰੇ ਵਿੱਚ ਪੈ ਗਿਆ ਹੈ ਤੇ ਕੇਂਦਰ ਸਰਕਾਰ ਨੇ ਇਹ ਕਾਨੂੰਨ ਕਿਸਾਨਾਂ ਤੇ ਰਾਜਾਂ ਉੱਤੇ ਜ਼ਬਰਦਸਤੀ ਥੋਪੇ ਹਨ। ਉਨ੍ਹਾਂ ਕਿਹਾ ਕਿ ਛੋਟੇ ਕਿਸਾਨ, ਜੋ ਕਿਸਾਨੀ ਭਾਈਚਾਰੇ ਦਾ 70 ਫੀਸਦੀ ਹਿੱਸਾ ਹਨ, ਇਨ੍ਹਾਂ ਨਵੇਂ ਕਾਨੂੰਨਾਂ ਨਾਲ ਪੂਰੀ ਤਰ੍ਹਾਂ ਤਬਾਹ ਹੋ ਜਾਣਗੇ। ਇਸ ਮੌਕੇ ਕਿਸਾਨੀ ਭਾਈਚਾਰੇ ਨੂੰ ਕੋਈ ਨੁਕਸਾਨ ਨਾ ਹੋਣ ਦੇਣ ਦਾ ਵਾਅਦਾ ਕਰਦੇ ਹੋਏ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਅਤੇ ਇਸ ਦੇ ਕਿਸਾਨਾਂ ਨੂੰ ਲੰਬੇ ਸਮੇਂ ਤੋਂ ਸੰਘਰਸ਼ ਕਰਨਾ ਪਿਆ ਹੈ, ਪਰ ਮੇਰੀ ਸਰਕਾਰ ਉਨ੍ਹਾਂ ਦਾ ਹਰ ਪੱਧਰ ਉੱਤੇ ਸਾਥ ਦੇਵੇਗੀ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਦੇ ਕਾਲੇ ਖੇਤੀ ਕਾਨੂੰਨਾਂ ਖਿਲਾਫ ਰੋਸ ਪ੍ਰਗਟ ਕਰਦੇ ਕਿਸਾਨਾਂ ਨੂੰ ਆਪਣੀ ਸਰਕਾਰ ਦੇ ਪੂਰੇ ਸਹਿਯੋਗ ਦਾ ਵਾਅਦਾ ਦੁਹਰਾਉਂਦਿਆਂ ਅੱਜ ਕਿਸਾਨਾਂ ਸਮੇਤ ਪੰਜਾਬ ਅਤੇ ਇੱਥੋਂ ਦੇ ਲੋਕਾਂ ਦੇ ਹਿੱਤ ਵਿੱਚ ਮਾਲ ਗੱਡੀਆਂ ਨੂੰ ਲੰਘਣ ਦੇਣ ਲਈ ਰੇਲ ਰੋਕੋ ਅੰਦੋਲਨ ਵਿੱਚ ਢਿੱਲ ਦੇਣ ਦੀ ਅਪੀਲ ਵੀ ਕੀਤੀ ਹੈ। ਉਨ੍ਹਾਂ ਨੇ ਸੰਘਰਸ਼ਸ਼ੀਲ ਕਿਸਾਨਾਂ ਨੂੰ ਅਪੀਲ ਕੀਤੀ ਕਿ ਪੰਜਾਬ ਵਿੱਚ ਜ਼ਰੂਰੀ ਲੋੜਾਂ ਦੀ ਪੂਰਤੀ ਲਈ ਰੇਲਾਂ ਚੱਲਣ ਦਿਓ, ਤਾਂ ਕਿ ਅਗਲੇ ਦਿਨਾਂ ਵਿੱਚ ਕਿਸੇ ਗੰਭੀਰ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾ ਕਿਹਾ ਕਿ ਮਾਲ ਗੱਡੀਆਂ ਨੂੰ ਲੰਮਾਂ ਸਮਾਂ ਰੋਕਣ ਨਾਲ ਪੰਜਾਬ ਦੇ ਕੋਲੇ ਦੇ ਪਲਾਂਟਾਂ ਦੀ ਸਥਿਤੀ ਨਾਜ਼ੁਕ ਹੈ ਤੇ ਉਨ੍ਹਾਂ ਕੋਲ ਸਿਰਫ 5-6 ਦਿਨਾਂ ਦਾ ਕੋਲਾ ਬਾਕੀ ਹੈ, ਜੇ ਕੋਲੇ ਦੀ ਸਪਲਾਈ ਨਾ ਹੋਈ ਤਾਂ ਸਰਕਾਰ ਨੂੰ ਮਜਬੂਰਨ ਪਲਾਂਟ ਬੰਦ ਕਰਨੇ ਪੈਣਗੇ ਅਤੇ ਪੰਜਾਬ ਵਿੱਚ ਬਿਜਲੀ ਸਪਲਾਈ ਉਤੇ ਬੁਰਾ ਅਸਰ ਪਵੇਗਾ, ਜਿਸ ਨਾਲ ਪੰਜਾਬ ਦੇ ਲੋਕ ਹੀ ਦੁਖੀ ਹੋਣਗੇ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪਿਛਲੇ ਹਫਤੇ ਤੋਂ ਖਾਦ ਵਾਲੀ ਕੋਈ ਗੱਡੀ ਪੰਜਾਬ ਨਹੀਂ ਆਈ, ਜਿਸ ਕਰ ਕੇ ਕਣਕਾਂ ਬੀਜਣ ਲਈ ਕਿਸਾਨਾਂ ਨੂੰ ਖਾਦ ਦੀ ਘਾਟ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਇਸ ਕਰ ਕੇ ਪੰਜਾਬ ਵਿੱਚ ਖਾਦ ਦੇ ਰੈਕ ਲਿਆਉਣ ਦੀ ਖੁੱਲ੍ਹ ਦੇਣ ਦੀ ਫੌਰੀ ਲੋੜ ਹੈ ਤਾਂ ਕਿ ਹਾੜ੍ਹੀ ਸੀਜ਼ਨ ਲਈ ਵੀ ਕੁਝ ਸਟਾਕ ਯਕੀਨੀ ਕੀਤਾ ਜਾ ਸਕੇ। ਉਨ੍ਹਾ ਨੇ ਝੋਨੇ ਤੇ ਕਣਕ ਦੇ ਭੰਡਾਰ ਲਈ ਜਗ੍ਹਾ ਬਣਾਉਣ ਦੀ ਲੋੜ ਦਾ ਹਵਾਲਾ ਦਿੱਤਾ, ਕਿਉਂਕਿ ਝੋਨੇ ਦੀ ਵਾਢੀ ਪੰਜਾਬ ਦੇ ਕਿਸਾਨਾਂ ਨੇ ਸ਼ੁਰੂ ਕਰ ਲਈ ਹੈ। ਉਨ੍ਹਾ ਕਿਹਾ ਕਿ ਅਨਾਜ ਦਾ ਮੌਜੂਦਾ ਸਟਾਕ ਵੀ ਦੇਸ਼ ਦੇ ਹੋਰ ਰਾਜਾਂ ਨੂੰ ਭੇਜਣਾ ਹੈ, ਤਾਂ ਕਿ ਝੋਨੇ ਦੀ ਅਗਲੀ ਫਸਲ ਲਈ ਗੋਦਾਮ ਖਾਲੀ ਹੋ ਸਕਣ। ਇਸ ਪਿੱਛੋਂ ਰਾਹੁਲ ਗਾਂਧੀ ਅਤੇ ਕੈਪਟਨ ਅਮਰਿੰਦਰ ਸਿੰਘ ਕਿਸਾਨਾਂ ਅਤੇ ਆੜ੍ਹਤੀਆਂ ਨਾਲ ਗੱਲਬਾਤ ਕਰਨ ਲਈ ਦਾਣਾ ਮੰਡੀ ਗਏ ਤੇ ਓਥੇ ਭਰੋਸਾ ਦਿਵਾਇਆ ਕਿ ਕਾਂਗਰਸ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਹਰ ਲੜਾਈ ਲੜੇਗੀ।

# ਭਾਰਤੀ ਹਵਾਈ ਫ਼ੌਜ ਦੋਂਹ ਮੋਰਚਿਆਂ ਉੱਤੇ ਵੀ ਜੰਗ ਲਈ ਤਿਆਰ : ਭਦੌਰੀਆ



ਨਵੀਂ ਦਿੱਲੀ, 6 ਅਕਤੂਬਰ (ਪੋਸਟ ਬਿਊਰੋ)- ਚੀਨ ਨਾਲ ਪੂਰਬੀ ਲੱਦਾਖ ਵਿੱਚ ਚੱਲਦੇ ਵਿਵਾਦ ਦੌਰਾਨ ਭਾਰਤੀ ਹਵਾਈ ਫ਼ੌਜ ਦੇ ਮੁਖੀ ਏਅਰ ਚੀਫ਼ ਮਾਰਸ਼ਲ ਆਰ ਕੇ ਐਸ ਭਦੌਰੀਆ ਨੇ ਕਿਹਾ ਹੈ ਕਿ ਭਾਰਤ ਦੋਹਾਂ ਮੋਰਚਿਆਂ ਉੱਤੇ ਲੜਨ ਦੇ ਸਮਰੱਥ ਹੈ। ਭਦੌਰੀਆ ਨੇ ਕਿਹਾ ਭਾਰਤੀ ਹਵਾਈ ਫ਼ੌਜ ਚੀਨ ਅਤੇ ਪਾਕਿਸਤਾਨ ਦੇ ਨਾਲ ਇਕੱਠਿਆਂ ਕਿਸੇ ਵੀ ਸੰਭਾਵਿਤ ਜੰਗ ਦਾ ਸਾਹਮਣਾ ਕਰਨ ਲਈ ਹਰ ਵਕਤ ਤਿਆਰ ਬਰ ਤਿਆਰ ਹੈ।

ਅੱਠ ਅਕਤੂਬਰ ਨੂੰ ਏਅਰਫੋਰਸ ਡੇਅ ਤੋਂ ਪਹਿਲਾਂ ਸਾਲਾਨਾ ਪ੍ਰੈਸ ਕਾਨਫ਼ਰੰਸ ਦੌਰਾਨਭਦੌਰੀਆ ਨੇ ਭਾਰਤ-ਚੀਨ ਦੇ ਮੌਜੂਦਾ ਹਾਲਾਤ ਉੱਤੇ ਬਾਰੇ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਗੱਲਬਾਤ ਨਾਲ ਮਾਮਲਾ ਸੁਲਝ ਜਾਵੇਗਾ, ਪਰ ਉਨ੍ਹਾ ਇਹ ਵੀ ਕਿਹਾ ਕਿ ਫਿਲਹਾਲ ਅੜਿੱਕਾ ਸੁਲਝਾਉਣ ਦੀ ਦਿਸ਼ਾ ਵਿੱਚ ਹੋ ਰਹੀ ਪ੍ਰਗਤੀ ਬਹੁਤ ਮੱਠੀ ਹੈ। ਉਨ੍ਹਾਂ ਕਿਹਾ ਕਿ ਹਵਾਈ ਫ਼ੌਜ ਜ਼ਮੀਨੀ ਹਕੀਕਤ ਵੇਖ ਕੇ ਕਾਰਵਾਈ ਕਰੇਗੀ।

ਭਦੌਰੀਆ ਦਾ ਇਹ ਬਿਆਨ ਉਸ ਵੇਲੇ ਆਇਆ ਹੈ, ਜਦੋਂ ਦੋਵਾਂ ਦੇਸ਼ਾਂ ਦਾ ਤਣਾਅ ਘਟਾਉਣ ਲਈ ਕੋਰ ਕਮਾਂਡਰਾਂ ਵਿਚਾਲੇ ਸੱਤਵੇਂ ਦੌਰ ਦੀ ਗੱਲਬਾਤ 12 ਅਕਤੂਬਰ ਨੂੰ ਹੋਣ ਵਾਲੀ ਹੈ। ਭਦੌਰੀਆ ਨੇ ਭਵਿੱਖ ’ਚ ਹਵਾਈ ਫ਼ੌਜ ਦੀ ਭੂਮਿਕਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਕਿਸੇ ਵੀ ਜੰਗ ’ਚ ਹਵਾਈ ਫ਼ੌਜ ਜਿੱਤ ਦਿਵਾਉਣ ਦੀ ਭੂਮਿਕਾ ਨਿਭਾਏਗੀ। ਉਨ੍ਹਾਂ ਕਿਹਾ ਕਿ ਹਵਾਈ ਫ਼ੌਜ ਨੇ ਸਾਰੀਆਂ ਲੋੜੀਂਦੀਆਂ ਥਾਵਾਂ ’ਤੇ ਤਾਇਨਾਤੀ ਕੀਤੀ ਹੈ ਅਤੇ ਹਵਾਈ ਫ਼ੌਜ ਦੀ ਸਥਿਤੀ ਇੰਨੀ ਵਧੀਆ ਹੈ ਕਿ ਜੇਕੋਈ ਹਾਲਤ ਬਣੀ ਤਾਂ ਚੀਨ ਨੂੰ ਢੁਕਵਾਂ ਜਵਾਬ ਮਿਲੇਗਾ। ਉਨ੍ਹਾਂ ਰਿਕਾਰਡ ਸਮੇਂ ਵਿੱਚ ਹਵਾਈ ਫ਼ੌਜ ਦੇ ਆਪਰੇਸ਼ਨਜ਼ ਵਿੱਚ ਸ਼ਾਮਲ ਹੋਏ ਰਾਫ਼ੇਲ, ਅਪਾਚੇ ਅਤੇ ਚਿਨੂਕ ਦਾ ਜ਼ਿਕਰ ਕਰ ਕੇ ਕਿਹਾ ਕਿ ਅਗਲੇ ਤਿੰਨ ਸਾਲਾਂ ਵਿੱਚ ਰਾਫ਼ੇਲ ਅਤੇ ਐਲ ਸੀ ਏ ਮਿੱਗ-29 ਵੀ ਸ਼ਾਮਲ ਕੀਤੇ ਜਾਣਗੇ ਜਿਸ ਦਾ ਆਰਡਰ ਕੀਤਾ ਜਾ ਰਿਹਾ ਹੈ। ਭਦੌਰੀਆ ਨੇ ਅਗਲੇ ਪੰਜ ਸਾਲਾਂ ਵਿੱਚ 83 ਐਲ ਏ ਸੀ ਮਾਰਕ ਆਈ ਏ ਨੂੰ ਸ਼ਾਮਲ ਕਰਨ ਦਾ ਵੀ ਭਰੋਸਾ ਦਿਵਾਇਆ।

# ਸਾਬਕਾ ਫੌਜੀ ਸਿਹਤ ਸਕੀਮ ਦੇ ਘੋਟਾਲੇ ਵਿੱਚ ਫਸੇ ਡਾਕਟਰ ਅਤੇ ਹੋਰ ਲੋਕ ਰੂਪੋਸ਼ ਹੋਏ

ਅੰਮ੍ਰਿਤਸਰ, 6 ਅਕਤੂਬਰ (ਪੋਸਟ ਬਿਊਰੋ)- ਐਕਸ ਸਰਵਿਸਮੈਨ ਕੰਟ੍ਰੀਬਿਊਟਰੀ ਹੈਲਥ ਸਕੀਮ (ਈ ਸੀ ਐਚ ਐਸ) ਘੋਟਾਲੇ ਦੇ ਦੋਸ਼ੀ ਅੰਡਰਗਰਾਊਂਡ ਹੋ ਗਏ ਹਨ। ਪੁਲਸ ਇਨ੍ਹਾਂ ਦੀ ਤਲਾਸ਼ ਲਈ ਸਪੈਸ਼ਲ ਇਨਵੈਸਟੀਗੇਸ਼ਨ ਟੀਮ (ਐਸ ਆਈ ਟੀ) ਬਣਾਉਣ ਦੀ ਤਿਆਰੀ ਕਰ ਰਹੀ ਹੈ।

ਅੱਜ ਤਕ ਦੀ ਜਾਂਚ ਵਿੱਚ ਪੁਲਸ ਨੂੰ ਪਤਾ ਲੱਗਾ ਹੈ ਕਿ ਇਸ ਕੰਮ ਵਿੱਚ 35 ਤੋਂਵੱਧ ਏਜੰਟ ਸਰਗਰਮ ਹਨ। ਇਹ ਏਜੰਟ ਮਰੀਜ਼ ਦੀ ਫਰਜ਼ੀ ਬਣਾ ਕੇ ਹਸਪਤਾਲਾਂ ਤੋਂ ਫਰਜ਼ੀ ਬਿੱਲ ਬਣਵਾਉਂਦੇ ਤੇ ਗੈਂਗ ਵਿੱਚ ਸ਼ਾਮਲ ਸਾਬਕਾ ਫੌਜੀ ਇਸ ਨੂੰ ਪਾਸ ਕਰ ਦਿੰਦੇ ਸਨ। ਕੁਝ ਦਿਨਾਂ ਵਿੱਚ ਸਰਕਾਰ ਤੋਂ ਲੱਖਾਂ ਰੁਪਏ ਹਸਪਤਾਲਾਂ ਦੇ ਖਾਤੇ ਵਿੱਚ ਆ ਜਾਂਦੇ ਸਨ ਅਤੇ ਇਹ ਰਕਮ ਆਪੋ ਵਿੱਚ ਵੰਡੀ ਜਾਂਦੀ ਸੀ। ਪੁਲਸ ਕਮਿਸ਼ਨਰ ਡਾ. ਸੁਖਚੈਨ ਸਿੰਘ ਗਿੱਲ ਨੇ ਕੱਲ੍ਹ ਕੁਝ ਅਫਸਰਾਂ ਨਾਲ ਚਰਚਾ ਕੀਤੀ ਹੈ ਅਤੇ ਪਤਾ ਲੱਗਾ ਹੈ ਕਿ ਮੁਕ-ੱਦਮੇ ਵਿੱਚ ਦੋਸ਼ੀਆਂ ਦੀ ਗਿਣਤੀ 150 ਤੋਂਵੱਧ ਹੋ ਸਕਦੀ ਹੈ।

ਇਸ ਸੰਬੰਧ ਵਿੱਚ ਫੌਜ ਦੇ ਬ੍ਰਿਗੇਡੀਅਰ ਐਮ ਡੀ ਉਪਾਧਿਆਏ ਵੱਲੋਂ 204 ਸਫੇ ਦੀ ਰਿਪੋਰਟ ਉੱਤੇ ਕੀਤੀ ਗਈ ਸ਼ਿਕਾਇਤ ਨਾਲ 25 ਦੋਸ਼ੀਆਂ ਦੇ ਖਿਲਾਫ ਦੋ ਅਕਤੂਬਰ ਨੂੰ ਕੇਸ ਦਰਜ ਕੀਤਾ ਗਿਆ ਸੀ, ਪਰ ਪੁਲਸ ਨੇ ਗ੍ਰਿਫਤਾਰੀ ਦੀ ਕੋਸ਼ਿਸ਼ ਨਹੀਂ ਕੀਤੀ। ਸ਼ਿਕਾਇਤ ਦੀ ਕਾਪੀ ਲੀਕ ਹੋਣ ਦੇ ਬਾਅਦ ਕੇਸ ਮੀਡੀਆ ਵਿੱਚ ਆਇਆ ਤਾਂ ਕੁਝ ਡਾਕਟਰ ਅਤੇ ਏਜੰਟ ਅਗਾਊਂ ਜ਼ਮਾਨਤ ਕਰਵਾਉਣ ਦੀ ਤਿਆਰੀ ਵਿੱਚ ਲੱਗ ਗਏ ਹਨ।

ਵਰਨਣ ਯੋਗ ਹੈ ਕਿ ਇਸ ਸ਼ਹਿਰ ਦੇ ਵੱਖ-ਵੱਖ ਪ੍ਰਾਈਵੇਟ ਹਸਪਤਾਲਾਂ ਵਿੱਚ ਨੌਕਰੀ ਕਰ ਚੁੱਕੇ ਕਈ ਡਾਕਟਰ ਅੱਜ ਵੱਡੇ ਹਸਪਤਾਲ ਦੇ ਮਾਲਕ ਹਨ। ਇਨ੍ਹਾਂ ਵਿੱਚ ਕਈ ਪਹਿਲਾਂ ਪੰਦਰਾਂ ਤੋਂ ਵੀਹ ਹਜ਼ਾਰ ਰੁਪਏ ਵਾਲੀ ਤਨਖਾਹ ਉੱਤੇ ਨੌਕਰੀ ਕਰਦੇ ਸਨ, ਪਰ ਅੱਜਇਨ੍ਹਾਂ ਦੇ ਹਸਪਤਾਲਾਂ ਵਿੱਚ ਆਧੁਨਿਕ ਮਸ਼ੀਨਰੀ ਵਾਲੀ ਕੈਥ ਲੈਬ ਅਤੇ ਵਿਸ਼ਵ ਪੱਧਰ ਦੇ ਆਪਰੇਸ਼ਨ ਥੀਏਟਰ ਦੀਆਂ ਸਹੂਲਤਾਂ ਵੀ ਮੌਜੂਦ ਹਨ। ਸੋਸ਼ਲ ਵਰਕਰ ਰਾਜਿੰਦਰ ਸ਼ਰਮਾ ਆਜ਼ਾਦ ਨੇ ਦੱਸਿਆ ਕਿ ਉਸ ਦੀ ਇੱਕ ਰਿਸ਼ਤੇਦਾਰ ਇਸ ਸ਼ਹਿਰ ਦੇ ਵੱਡੇ ਹਸਪਤਾਲ ਵਿੱਚ ਇਲਾਜ ਅਧੀਨ ਰਹੀ ਤਾਂ ਉਸ ਨੂੰ ਈ ਸੀ ਐਚ ਐਸ ਕਾਰਡ ਦੇ ਨਾਲ ਦਾਖਲ ਕਰ ਲਿਆ ਗਿਆ, ਪਰ ਉਨ੍ਹਾਂ ਦੀ ਜਾਂਚ ਲਈ ਡਾਕਟਰ ਨਹੀਂਆਏ। ਸੱਤ ਦਿਨ ਇਥੇ ਰੱਖਣ ਪਿੱਛੋਂ ਕਰੀਬ ਦੋ ਲੱਖ ਰੁਪਏ ਦਾ ਬਿੱਲ ਬਣਾ ਦਿੱਤਾ। ਕੇਸ ਵਿੱਚ ਨਾਮਜ਼ਦ ਇੱਕ ਹੋਰ ਡਾਕਟਰ ਨੇ ਆਪਣਾ ਹਸਪਤਾਲ ਈ ਸੀ ਐਚ ਐਸ ਤੋਂ ਇੰਪੈਨਲ ਕਰਵਾ ਕੇ ਇਸੇ ਸਾਲ ਇੱਕ ਕੰਪਨੀ ਨੂੰ ਲੀਜ਼ ਉਤੇ ਦੇ ਦਿੱਤਾ। ਨਿਯਮਾਂ ਅਨੁਸਾਰ ਕੰਪਨੀ ਨੂੰ ਈ ਏ ਸੀ ਐਚ ਐਸ ਸਕੀਮ ਲਈ ਫੌਜ ਨਾਲ ਸੰਪਰਕ ਕਰਨਾ ਚਾਹੀਦਾ ਸੀ। ਹਸਪਤਾਲ ਦਾ ਨਾਂ ਅਜੇ ਤੱਕ ਨਹੀਂ ਬਦਲਿਆ।

# ਨਸ਼ਾ ਛੁਡਾਊ ਕੇਂਦਰ ਦੇ ਮਾਲਕ ਦੀ ਗੋਲੀਆਂ ਮਾਰ ਕੇ ਹੱਤਿਆ



ਹੁਸ਼ਿਆਰਪੁਰ, 6 ਅਕਤੂਬਰ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਕੱਲ੍ਹ ਇੱਕ ਨਸ਼ਾ ਛੁਡਾਊ ਕੇਂਦਰ ਦੇ ਮਾਲਕ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਹੈ, ਜਿਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਅਣਖਵੀਰ ਸਿੰਘ ਆਪਣੀ ਸਕਾਰਪੀਓ ਉਤੇ ਟਾਂਡੇ ਨੂੰ ਜਾ ਰਿਹਾ ਸੀ। ਜਦੋਂ ਉਹ ਸ਼ਾਮ ਤਕਰੀਬਨ 4.15 ਵਜੇ ਹੁਸ਼ਿਆਰਪੁਰ-ਟਾਂਡਾ ਰੋਡ ਉੱਤੇ ਟੋਲ ਪਲਾਜ਼ਾ ਤੋਂ ਕੁਝ ਦੂਰ ਸੀ ਤਾਂ ਅਣਪਛਾਤੇ ਹਮਲਾਵਰਾਂ ਨੇ ਸਕਾਰਪੀਓ ਘੇਰ ਕੇ ਉਸ ’ਤੇ ਫਾਇਰਿੰਗ ਸ਼ੁਰੂ ਕਰ ਦਿੱਤੀ। ਹਮਲਾਵਰਾਂ ਨੇ ਸੱਤ ਫਾਇਰ ਕੀਤੇ। ਇੱਕ ਗੋਲੀ ਅਣਖਵੀਰ ਦੇ ਸਿਰ ’ਤੇ ਲੱਗੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਪੁਲਸ ਨੇ ਸੂਚਨਾ ਮਿਲਦੇ ਸਾਰ ਘਟਨਾ ਵਾਲੀ ਜਗ੍ਹਾ ’ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਸੀ।ਪਤਾ ਲੱਗਾ ਹੈ ਅਣਖਵੀਰ ਸਿੰਘ ਟਾਂਡੇ ਦੇ ਨੇੜੇ ਮਿਆਣੀ ਵਿੱਚ ਨਸ਼ਾ ਛੁਡਾਊ ਕੇਂਦਰ ਚਲਾ ਰਿਹਾ ਸੀ। ਉਸ ਵਕਤ ਅਣਖਵੀਰ ਸਿੰਘ ਆਪਣੇ ਕੇਂਦਰ ਜਾ ਰਿਹਾ ਸੀ ਕਿ ਹਮਲਾਵਰਾਂ ਨੇ ਗੱਡੀ ਨੂੰ ਘੇਰ ਕੇ ਫਾਇਰਿੰਗ ਸ਼ੁਰੂ ਕਰ ਦਿੱਤੀ। ਡੀ ਐਸ ਪੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮਾਮਲਾ ਪੁਰਾਣੀ ਰੰਜਿਸ਼ ਦਾ ਲੱਗਦਾ ਹੈ।

# ਵਿਆਹੁਤਾ ਨਾਲ ਕੁੱਟਮਾਰ ਦੇ ਦੋਸ਼ ਵਿੱਚ ਪਤੀ, ਦੇਵਰ ਤੇ ਸੱਸ ਦੇ ਖ਼ਿਲਾਫ਼ ਕੇਸ ਦਰਜ

ਸੁਲਤਾਨਪੁਰ ਲੋਧੀ, 6 ਅਕਤੂਬਰ (ਪੋਸਟ ਬਿਊਰੋ)- ਥਾਣਾ ਸੁਲਤਾਨਪੁਰ ਲੋਧੀ ਦੀ ਪੁਲਸ ਨੇ ਇੱਕ ਵਿਅਹੁਤਾ ਨੂੰ ਕੁੱਟਣ ਦੇ ਦੋਸ਼ ਵਿੱਚ ਉਸਦੇ ਪਤੀ, ਦੇਵਰ ਅਤੇ ਸੱਸ ਦੇ ਖ਼ਿਲਾਫ਼ ਕਈ ਧਾਰਾਵਾਂ ਦਾ ਕੇਸ ਦਰਜ ਕੀਤਾ ਹੈ।

ਇਸ ਬਾਰੇ ਥਾਣਾ ਮੁਖੀ ਇੰਸਪੈਕਟਰ ਸਰਬਜੀਤ ਸਿੰਘ ਨੇ ਦੱਸਿਆ ਕਿ ਪੀੜਤ ਰਾਜਵਿੰਦਰ ਕੌਰ ਪਤਨੀ ਗੁਰਜੀਤ ਸਿੰਘ ਵਾਸੀ ਪਿੰਡ ਲੰਮੇ ਨੇ ਦੱਸਿਆ ਕਿ ਕਰੀਬ ਪੰਜ ਸਾਲ ਪਹਿਲਾ ਉਸਦੀ ਸ਼ਾਦੀ ਗੁਰਜੀਤ ਸਿੰਘ ਪੁੱਤਰ ਤਰਸੇਮ ਸਿੰਘ ਨਾਲ ਹੋਈ ਸੀ। ਵਿਆਹ ਦੇ ਕਰੀਬ ਇੱਕ ਸਾਲ ਬਾਅਦ ਹੀ ਉਸਦਾ ਪਤੀ ਗੁਰਜੀਤ ਸਿੰਘ, ਦੇਵਰ ਨਵਦੀਪ ਸਿੰਘ ਉਸ ਨੂੰ ਪਰੇਸ਼ਾਨ ਕਰਨ ਲੱਗ ਪਏ ਤੇ ਉਸਦੀ ਸੱਸ ਗੁਰਮੇਲ ਕੌਰ ਆਪਣੇ ਲੜਕਿਆਂ ਦਾ ਸਾਥ ਦਿੰਦੀ ਸੀ, ਜਿਸ ਕਾਰਨ ਘਰ ਵਿੱਚ ਪਹਿਲਾਂ ਹੀ ਕਈ ਵਾਰ ਝਗੜਾ ਹੋਇਆ ਸੀ। ਕੱਲ੍ਹ ਰਾਤ ਕਰੀਬ 11 ਵਜੇ ਉਸਦਾ ਪਤੀ ਗੁਰਜੀਤ ਸਿੰਘ ਕੰਮ ਤੋਂਵਾਪਸ ਆਇਆ ਅਤੇ ਉਸ ਨੂੰ ਗਾਲੀ-ਗਲੋਚ ਕਰ ਕੇ ਕੁੱਟਮਾਰ ਕਰਨਾ ਸ਼ੁਰੂ ਕਰ ਦਿੱਤੀ ਅਤੇ ਸੱਸ ਵੀ ਆ ਗਈ, ਜਿਸਨੇ ਆਪਣੇ ਲੜਕੇ ਗੁਰਜੀਤ ਸਿੰਘ ਨਾਲ ਮਿਲਕੇ ਉਸ ਨੂੰ ਕੁੱਟਿਆ। ਅਗਲੇ ਦਿਨ ਅਚਾਨਕ ਉਸ ਦੀ ਮਾਤਾ ਕੁਲਵੰਤ ਕੌਰ ਉਥੇ ਆ ਗਈ ਤਾਂ ਉਸਨੂੰ ਬੱਸ ਵਿੱਚ ਬੈਠਾ ਕੇ ਸੁਲਤਾਨਪੁਰ ਲੋਧੀ ਲੈ ਆਈ। ਜਦੋਂ ਬਾਹਰ ਉਸਦੀ ਮਾਤਾ ਅਤੇ ਉਹ ਬੱਸ ਸਟੈਂਡ ਤੋਂ ਬਾਹਰ ਆਈ ਤਾਂ ਉਸ ਦਾ ਪਤੀ ਗੁਰਜੀਤ ਸਿੰਘ ਆਪਣੀ ਬਾਈਕ ’ਤੇ ਉਥੇ ਆ ਗਿਆ ਅਤੇ ਉਸ ਨੂੰ ਵਾਲਾਂ ਨਾਲ ਫੜ ਕੇ ਉਸਦੀ ਕੁੱਟਮਾਰ ਕੀਤੀ। ਐਸ ਐਚ ਓ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨ ਉੱਤੇ ਗੁਰਜੀਤ ਸਿੰਘ ਪੁੱਤਰ ਤਰਸੇਮ ਸਿੰਘ, ਨਵਦੀਪ ਸਿੰਘ ਪੁੱਤਰ ਤਰਸੇਮ ਸਿੰਘ ਗੁਰਮੇਲ ਕੌਰ ਪਤਨੀ ਤਰਸੇਮ ਸਿੰਘ ਵਾਸੀ ਪਿੰਡ ਲਮੇ, ਥਾਣਾ ਮਕਸੂਦਾਂ ਜ਼ਿਲਾ ਜਲੰਧਰ ਦੇ ਖ਼ਿਲਾਫ਼ ਵਿਭਿੰਨ ਧਾਰਾਵਾਂ ਦਾ ਮਾਮਲਾ ਦਰਜ ਕਰ ਲਿਆ ਹੈ।

# ਬੈਂਕ ਦੀ ਕੰਧ ਪਾੜ ਕੇ ਪੰਜ ਲਾਕਰਾਂ ਦਾ ਸਾਮਾਨ ਚੋਰ ਲੈ ਗਏ



ਟਾਂਡਾ ਉੜਮੁੜ, 6 ਅਕਤੂਬਰ (ਪੋਸਟ ਬਿਊਰੋ)- ਹਲਕਾ ਉੜਮੁੜ ਦੇ ਬਲਾਕ ਟਾਂਡਾ ਦੇ ਕਸਬਾ ਖੁੱਡਾ ਦੇ ਅੱਡੇ ਉਤੇ ਕੱਲ੍ਹ ਦੇਰ ਰਾਤ ਚਾਰ ਚੋਰ ਪੰਜਾਬ ਨੈਸ਼ਨਲ ਬੈਂਕ ਦੀ ਇਮਰਾਤ ਨੂੰ ਸੰਨ੍ਹ ਲਾ ਕੇ ਅੰਦਰ ਵੜੇ ਤੇ ਪੰਜ ਲਾਕਰਾਂ ਨੂੰ ਕਟਰ ਨਾਲ ਕੱਟ ਸਾਮਾਨ ਚੋਰੀ ਕਰਕੇ ਫ਼ਰਾਰ ਹੋ ਗਏ। ਸਾਰੀ ਘਟਨਾ ਬੈਂਕ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਵਿੱਚ ਕੈਦ ਹੋ ਗਈ।

ਇਸ ਘਟਨਾ ਦੀ ਸੂਚਨਾ ਮਿਲਣ ਉਤੇ ਡੀ ਐਸ ਪੀ ਟਾਂਡਾ ਦਲਜੀਤ ਸਿੰਘ ਖੱਖ ਮੌਕੇ ਉਤੇ ਪਹੁੰਚੇ ਅਤੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ਼ ਦੇ ਆਧਾਰ ਉਤੇ ਲੁਟੇਰਿਆਂ ਦੀ ਭਾਲ ਸ਼ੁਰੂ ਕਰਵਾਈ ਹੈ।ਦਲਜੀਤ ਸਿੰਘ ਖੱਖ ਨੇ ਦੱਸਿਆ ਕਿ ਸੀ ਸੀ ਟੀ ਵੀ ਫੁਟੇਜ਼ ਤੋਂ ਪਤਾ ਲੱਗਦਾ ਕਿ ਬੀਤੀ ਰਾਤ ਚਾਰ ਲੁਟੇਰੇ ਬੈਂਕ ਦੀ ਪਿੱਛੇ ਤੋਂ ਕੰਧ ਪਾੜ ਕੇ ਗੈਸ ਕਟਰ ਨਾਲ ਲੈ ਕੇ ਬੈਂਕ ਵਿੱਚ ਦਾਖ਼ਲ ਹੋਏ ਅਤੇ ਪੰਜ ਲਾਕਰਾਂ ਨੂੰ ਨਿਸ਼ਾਨਾ ਬਣਾਇਆ। ਬੈਂਕ ਲਾਕਰਾਂ ਦੇ ਮਾਲਕਾਂ ਬਾਰੇ ਬੈਂਕ ਮੈਨੇਜਰ ਕੋਲੋਂ ਪਤਾ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਤੋਂ ਪਤਾ ਲੱਗ ਸਕੇਗਾ ਕਿ ਕਿੰਨਾ ਨੁਕਸਾਨ ਹੋਇਆ ਅਤੇ ਕੀ-ਕੀ ਚੋਰੀ ਹੋਇਆ ਹੈ। ਸੀ ਸੀ ਟੀ ਵੀ ਫੁਟੇਜ਼ ਦੇ ਆਧਾਰ ਉਤੇ ਲੁਟੇਰਿਆਂ ਦੀ ਪਛਾਣ ਕੀਤੀ ਜਾ ਰਹੀ ਹੈ ਤੇ ਜਲਦੀ ਲੁਟੇਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।ਇਸ ਮੌਕੇ ਪੰਜਾਬ ਨੈਸ਼ਨਲ ਬੈਂਕ ਦੇ ਬ੍ਰਾਂਚ ਮੈਨੇਜਰ ਮਨਦੀਪ ਸਿੰਘ ਨੇ ਦੱਸਿਆ ਕਿ ਕੱਲ੍ਹ ਸਵੇਰੇ ਜਦੋਂ ਬੈਂਕ ਖੁੱਲ੍ਹਿਆ ਤਾਂ ਬੈਂਕ ਅੰਦਰ ਲੁਟੇਰਿਆਂ ਵੱਲੋਂ ਕੀਤੀ ਵਾਰਦਾਤ ਦਾ ਪਤਾ ਲੱਗਾ।


# ਹਸਪਤਾਲ ਮਾਲਕ ਦੇ ਘਰੋਂ ਲੱਖਾਂ ਦੇ ਗਹਿਣੇ, ਨਕਦੀ ਅਤੇ ਜ਼ਰੂਰੀ ਸਾਮਾਨ ਚੋਰੀ

ਜਲੰਧਰ, 6 ਅਕਤੂਬਰ (ਪੋਸਟ ਬਿਊਰੋ)- ਥਾਣਾ ਨੰਬਰ ਚਾਰ ਹੇਠ ਸ਼ਹੀਦ ਊਧਮ ਸਿੰਘ ਨਗਰ ਵਿੱਚ ਇੱਕ ਡਾਕਟਰ ਦੇ ਘਰ ਨੂੰ ਅਣਪਛਾਤੇ ਚੋਰਾਂ ਨੇ ਨਿਸ਼ਾਨਾ ਬਣਾਇਆ ਅਤੇ ਲੱਖਾਂ ਦੇ ਗਹਿਣੇ, ਨਕਦੀ ਅਤੇ ਹੋਰ ਜ਼ਰੂਰੀ ਸਾਮਾਨ ਲੈ ਗਏ। ਇਸ ਬਾਰੇ ਡਾਕਟਰ ਨੂੰ ਸਵੇਰੇ ਪਤਾ ਲੱਗਾ, ਜਦੋਂ ਉਹ ਘਰ ਵਾਪਸ ਪਰਤਿਆ।

ਡਾ. ਸੁਮਿਤ ਗੁਪਤਾ ਪੁੱਤਰ ਅਸ਼ੋਕ ਗੁਪਤਾ ਵਾਸੀ ਸ਼ਹੀਦ ਊਧਮ ਸਿੰਘ ਨਗਰ ਨੇ ਪੁਲਸ ਨੂੰ ਦੱਸਿਆ ਹੈ ਕਿ ਉਹ ਅਸ਼ੋਕਾ ਹਸਪਤਾਲ ਦਾ ਮਾਲਕ ਹੈ। ਕੱਲ੍ਹ ਤੜਕੇ 4.30 ਵਜੇ ਜਦੋਂ ਉਹ ਹਸਪਤਾਲ ਤੋਂ ਪਰਤਿਆ ਤਾਂ ਉਸ ਨੂੰ ਮਹਿਸੂਸ ਹੋਇਆ ਕਿ ਕੋਈ ਵਿਅਕਤੀ ਉਨ੍ਹਾਂ ਦੇ ਘਰ ਵਿੱਚ ਆਇਆ ਹੈ। ਜਦੋਂ ਉਸ ਨੇ ਘਰ ਦੇ ਅੰਦਰ ਜਾ ਕੇ ਵੇਖਿਆ ਤਾਂ ਅੰਦਰ ਸਾਰਾ ਸਾਮਾਨ ਖਿਲਰਿਆ ਪਿਆ ਸੀ ਅਤੇ ਚੋਰ ਘਰ ਵਿੱਚੋਂ ਸੋਨੇ ਅਤੇ ਹੀਰੇ ਦੇ ਗਹਿਣੇ, ਚਾਂਦੀ ਦੇ ਬਰਤਨ ਅਤੇ ਨਕਦੀ ਚੋਰੀ ਕਰ ਕੇ ਲੈ ਗਏ ਸਨ। ਇਸ ਘਟਨਾ ਦੀ ਸੂਚਨਾ ਮਿਲਣ ’ਤੇ ਥਾਣਾ ਨੰਬਰ ਚਾਰ ਦੀ ਪੁਲਸ ਮੌਕੇ ਉਤੇ ਪਹੁੰਚੀ ਅਤੇ ਜਾਂਚ ਸ਼ੁਰੂ ਕੀਤੀ। ਪੁਲਸ ਵੱਲੋਂ ਘਟਨਾ ਸਥਾਨ ਦੇ ਨੇੜੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਕਢਵਾਈ ਜਾ ਰਹੀ ਹੈ। ਫਿੰਗਰ ਪ੍ਰਿੰਟ ਮਾਹਿਰ ਅਤੇ ਭਾਗ ਸਕੁਐਡ ਦੀ ਟੀਮ ਵੱਲੋਂ ਮੌਕੇ ’ਤੇ ਪਹੁੰਚ ਕੇ ਜਾਂਚ ਕੀਤੀ ਗਈ। ਡਾ. ਗੁਪਤਾ ਵੱਲੋਂ ਚੋਰੀ ਦੇ ਨੁਕਸਾਨ ਦਾ ਅੰਦਾਜ਼ਾ ਅਜੇ ਨਹੀਂ ਦੱਸਿਆ ਗਿਆ।

# ਮੁਕੇਸ਼ ਅੰਬਾਨੀ ਨੂੰ ਚੈਲਿੰਜ ਦੇਣ ਆ ਰਹੇ ਹਨ ਰਤਨ ਟਾਟਾ

## * ਰਿਟੇਲ ਕਿੰਗ ਬਣਨ ਲਈ ਮੁਕਾਬਲੇ ਦੀ ਜੰਗ ਹੋਵੇਗੀ



ਨਵੀਂ ਦਿੱਲੀ, 6 ਅਕਤੂਬਰ (ਪੋਸਟ ਬਿਊਰੋ)- ਭਾਰਤ ਦਾ ਰਿਟੇਲ ਸੈਕਟਰ ਬਹੁਤ ਵੱਡਾ ਹੈ। ਕੋਰੋਨਾ ਮਹਾਮਾਰੀ ਦੌਰਾਨ ਆਨਲਾਈਨ ਰਿਟੇਲ ’ਚ ਬਹੁਤ ਤੇਜ਼ੀ ਨਾਲ ਵਿਕਾਸ ਹੋ ਰਿਹਾ ਹੈ, ਜਿਸ ਉਤੇ ਸਭ ਦੀਆਂ ਨਜ਼ਰਾਂ ਹਨ। ਇਸ ਉੱਤੇ ਮੁੱਖ ਤੌਰ ਉੱਤੇ ਫਲਿਪਕਾਰਟ ਅਤੇ ਐਮਾਜ਼ੋਨ ਦਾ ਕਬਜ਼ਾ ਹੈ, ਪਰ ਅੱਗੋਂ ਜੀਓਮਾਰਟ ਦੀ ਮਦਦ ਨਾਲ ਰਿਲਾਇੰਸ ਆਨਲਾਈਨ ਬਾਜ਼ਾਰ ’ਤੇ ਆਪਣਾ ਰੁਤਬਾ ਕਾਇਮ ਕਰਨਾ ਚਾਹੁੰਦੀ ਹੈ।

ਇਸ ਦੌਰਾਨ ਖਬਰ ਹੈ ਕਿ ਟਾਟਾ ਗਰੁੱਪ ਇੱਕ ਸੁਪਰ ਐਪ ਲੈ ਕੇ ਆਉਣ ਵਾਲੀ ਹੈ, ਜੋ ਚਾਈਨੀਜ਼ ਵੀ ਚੈਟ ਅਤੇ ਅਲੀ ਪੇ ਵਾਂਗ ਹੋਵੇਗੀ। ਪਹਿਲਾਂ ਮੁਕੇਸ਼ ਅੰਬਾਨੀ ਨੇ 20 ਅਰਬ ਡਾਲਰ ਦਾ ਨਿਵੇਸ਼ ਜੀਓ ਪਲੇਟਫਾਰਮਸ ਲਈ ਜੁਟਾਇਆ ਫਿਰ ਫਿਊਚਰ ਗਰੁੱਪ ਦਾ ਰਿਟੇਲ ਅਤੇ ਹੋਲਸੇਲ ਬਿਜਨੈਸ ਖਰੀਦਿਆ। ਅੱਗੋਂ ਰਿਲਾਇੰਸ ਰਿਟੇਲ ਦਾ ਨਿਵੇਸ਼ ਕੀਤਾ ਜਾ ਰਿਹਾ ਹੈ। ਸਮਝਿਆ ਜਾਂਦਾ ਹੈ ਕਿ ਟਾਟਾ ਸੰਨਜ਼ ਆਪਣੇ ਸੁਪਰ ਐਪ ਲਈ ਵਾਲਮਾਰਟ ਦੇ ਨਾਲ ਹੱਥ ਮਿਲਾ ਸਕਦੀ ਹੈ। ਬਲੂਮਬਰਗ ਦੀ ਰਿਪੋਰਟ ਮੁਤਾਬਕ ਵਾਲਮਾਰਟ 25 ਅਰਬ ਡਾਲਰ ਦਾ ਨਿਵੇਸ਼ ਟਾਟਾ ਗਰੁੱਪ ’ਚ ਕਰ ਸਕਦੀ ਹੈ, ਯਾਨੀ ਕਿ ਰਤਨ ਟਾਟਾ ਅੱਗੋਂ ਮੁਕੇਸ਼ ਅੰਬਾਨੀ ਨੂੰ ਚੈਲੇਂਜ ਦੇਣ ਆ ਰਹੇ ਹਨ ਤਾਂ ਕੀ ਰਿਟੇਲ ਕਿੰਗ ਦੀ ਜੰਗ ਹੋਵੇਗੀ?ਟਾਟਾ ਗਰੁੱਪ ਇਸ ਐਪ ਦੀ ਮਦਦ ਨਾਲ ਆਪਣੇ ਫੈਸ਼ਨ, ਲਾਈਫਸਟਾਈਲ, ਇਲੈਕਟ੍ਰਾਨਿਕਸ, ਰਿਟੇਲ, ਗ੍ਰਾਸਰੀ, ਇੰਸ਼ੋਰੈਂਸ, ਫਾਇਨਾਂਸ਼ੀਅਲ ਸਰਵਿਸਿਜ਼ ਵਰਗੇ ਬਿਜਨੈਸ ਨੂੰ ਇੱਕ ਪਲੇਟਫਾਰਮ ’ਤੇ ਲਿਆਵੇਗੀ। ਇੱਕ ਰਿਪੋਰਟ ਦੇ ਮੁਤਾਬਕ ਇਸ ਸੁਪਰ ਐਪ ਉੱਤੇ ਡਿਜੀਟਲ ਸਮੱਗਰੀ ਅਤੇ ਐਜੂਕੇਸ਼ਨਲ ਸਮੱਗਰੀ ਵੀ ਹੋਵੇਗੀ।

ਮੁਕੇਸ਼ ਅੰਬਾਨੀ ਅਤੇ ਟਾਟਾ ਗਰੁੱਪ ਦੋਵਾਂ ਦੇ ਆਪੋ-ਆਪਣੇ ਫਾਇਦੇ ਹਨ। ਮੁਕੇਸ਼ ਅੰਬਾਨੀ ਨੂੰ ਜੀਓ ਦੇ 40 ਕਰੋੜ ਯੂਜ਼ਰਸ ਦਾ ਫਾਇਦਾ ਹੈ ਅਤੇ ਰਿਲਾਇੰਸ ਦਾ ਰਿਟੇਲ ਚੇਨ ਭਾਰਤ ਵਿੱਚ ਸਭ ਤੋਂ ਵੱਡਾ ਹੈ। ਇਸ ਦੇ ਕਰੀਬ 12.000 ਸਟੋਰ ਹਨ। ਰਤਨ ਟਾਟਾ ਵਾਲੇ ਟਾਟਾ ਗਰੁੱਪ ਦੇ 100 ਤੋਂ ਵੱਧ ਬਿਜਨੈਸ ਹਨ। ਉਹ ਚਾਹ-ਪੱਤੀ ਤੋਂਕਾਰ ਤੱਕ ਬਣਾਉਂਦੀ ਹੈ। ਹਰ ਕੈਟਾਗਰੀ ਦੇ ਬਿਜਨੈਸ ਲਈ ਕੰਪਲੀਟ ਵੱਖ-ਵੱਖ ਸਪਲਾਈ ਚੇਨ ਸਿਸਟਮ ਹੈ। ਇਸ ਲਈ ਜੇ ਟਾਟਾ ਗਰੁੱਪ ਇੱਕ ਅਜਿਹਾ ਪੋਰਟਲ ਚਲਾਉਂਦੀ ਹੈ ਜਿੱਥੇ ਇਸ ਦੇ ਵੈਂਡਰਸ ਆਪਣਾ ਸਾਮਾਨ ਵੇਚ ਸਕਦੇ ਹਨ ਤਾਂ ਇਸ ਦਾ ਘੇਰਾ ਕਾਫੀ ਵਧ ਜਾਏਗਾ। ਇਸ ਦੌਰਾਨ ਜੇ ਵਾਲਮਾਰਟ ਨਾਲ ਸਮਝੌਤਾ ਹੋ ਜਾਂਦਾ ਹੈ ਤਾਂ ਟਾਟਾ ਕੋਲ ਫਲਿਪਕਾਰਟ ਦਾ ਸਮਰਥਨ ਹੋਵੇਗਾ। ਵਾਲਮਾਰਟ ਨੇ ਫਲਿਪਕਾਰਟ ਦਾ 16 ਅਰਬ ਡਾਲਰ ’ਚ ਐਕਵਾਇਰ ਕੀਤਾ ਸੀ।

# ਜੀ ਐੱਸ ਟੀ ਕੌਂਸਲ ਦੀ ਮੀਟਿੰਗ ਵਿੱਚ ਨੁਕਸਾਨ ਪੂਰਤੀ ਦਾ ਫ਼ੈਸਲਾ ਫਿਰ ਨਹੀਂ ਹੋ ਸਕਿਆ



ਨਵੀਂ ਦਿੱਲੀ, 6 ਅਕਤੂਬਰ, (ਪੋਸਟ ਬਿਊਰੋ)- ਕਾਂਗਰਸ ਤੇ ਹੋਰ ਵਿਰੋਧੀ ਪਾਰਟੀਆਂ ਦੀ ਸਰਕਾਰ ਵਾਲੇ 10 ਰਾਜਾਂ ਨਾਲ ਸਹਿਮਤੀ ਨਾ ਬਣ ਸਕਣ ਕਾਰਨ ਅੱਜ ਸੋਮਵਾਰ ਨੂੰ ਵਸਤੂ ਅਤੇ ਸੇਵਾ ਟੈਕਸ (ਜੀ ਐੱਸ ਟੀ) ਕੌਂਸਲ ਦੀ ਮੀਟਿੰਗ ਵਿਚ ਨੁਕਸਾਨ ਪੂਰਤੀ ਦਾ ਕੋਈ ਫ਼ੈਸਲਾ ਨਹੀਂ ਹੋ ਸਕਿਆ ਅਤੇ 12 ਅਕਤੂਬਰ ਨੂੰ ਨੁਕਸਾਨ ਪੂਰਤੀ ਦੇ ਫ਼ੈਸਲੇ ਲਈ ਮੁੜ ਕੇ ਮੀਟਿੰਗ ਹੋਵੇਗੀ। ਲਗਪਗ ਅੱਠ ਘੰਟੇ ਚੱਲੀ ਜੀ ਐੱਸ ਟੀ ਕੌਂਸਲ ਦੀ 42ਵੀਂ ਮੀਟਿੰਗ ਵਿਚ ਰਾਜਾਂ ਨੂੰ 20,000 ਕਰੋੜ ਰੁਪਏ ਦੀ ਫ਼ੌਰੀ ਰਾਹਤ ਦਿੱਤੀ ਗਈ ਤੇ ਇਹ ਰਕਮ ਸੋਮਵਾਰ ਰਾਤ ਹੀ ਰਾਸ਼ੀ ਜਾਰੀ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਇਸ ਦੇ ਨਾਲ ਹੀ ਰੈਵੇਨਿਊ ਦੀ ਕਮੀ ਪੂਰੀ ਕਰਨ ਲਈ ਕਾਰਾਂ ਤੇ ਹੋਰ ਲਗਜ਼ਰੀ ਵਸਤਾਂ ਤੇ ਤੰਬਾਕੂ ਉਤਪਾਦਾਂ ਉੱਤੇ ਜੂਨ 2022 ਤੋਂ ਬਾਅਦ ਵੀ ਨੁਕਸਾਨ ਪੂਰਤੀ ਸੈੱਸ ਵਸੂਲਣ ਉੱਤੇ ਸਹਿਮਤੀ ਬਣ ਗਈ ਹੈ।

ਅੱਜ ਏਥੇ ਜੀ ਐੱਸ ਟੀ ਕੌਂਸਲ ਦੀ ਮੀਟਿੰਗ ਤੋਂ ਬਾਅਦ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨੇ ਦੱਸਿਆ ਕਿ ਨੁਕਸਾਨ ਪੂਰਤੀ ਦਾ ਆਖ਼ਰੀ ਫ਼ੈਸਲਾ ਨਹੀਂ ਹੋ ਸਕਿਆ, ਕਿਉਂਕਿ 21 ਸੂਬੇ ਨੁਕਸਾਨ ਪੂਰਤੀ ਲਈ ਕਰਜ਼ੇ ਲੈਣ ਦੇ ਦੋ ਬਦਲਾਂ ਵਿਚੋਂ ਪਹਿਲੇ ਬਦਲ ਨੂੰ ਚੁਣਨ ਲਈ ਰਾਜ਼ੀ ਹਨ, ਪਰ ਕੁਝ ਰਾਜਾਂ ਨੂੰ ਦੋਵਾਂ ਵਿਚੋਂ ਕੋਈ ਵੀ ਬਦਲ ਮਨਜ਼ੂਰ ਨਹੀਂ। ਇਸ ਲਈ ਸਹਿਮਤੀ ਨਾ ਬਣੀ ਦੇਖ ਕੇ ਬਿਹਾਰ ਦੇ ਉਪ ਮੁੱਖ ਮੰਤਰੀ ਸੁਸ਼ੀਲ ਕੁਮਾਰ ਮੋਦੀ ਨੇ ਇਕ ਹਫ਼ਤੇ ਦਾ ਸਮਾਂ ਦੇਣ ਦੀ ਗੱਲ ਕਹੀ, ਪਰ ਕਾਂਗਰਸੀ ਸਰਕਾਰਾਂ ਵਾਲੇ ਸੂਬੇ ਕਿਸੇ ਬਦਲ ਉੱਤੇ ਸਹਿਮਤ ਹੁੰਦੇ ਨਹੀਂ ਦਿੱਸੇ। ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਕਰਜ਼ਾ ਦਿਵਾਉਣ ਦਾ ਕੰਮ ਕੇਂਦਰ ਕਰੇਗਾ, ਕਰਜ਼ੇ ਦੀ ਅਦਾਇਗੀ ਲਈ ਸੈੱਸ ਵੀ ਕੇਂਦਰ ਇਕੱਠਾ ਕਰਦਾ ਹੈ ਤਾਂ ਕਰਜ਼ਾ ਵੀ ਕੇਂਦਰ ਨੂੰ ਲੈਣਾ ਚਾਹੀਦਾ ਹੈ। ਦੂਜੇ ਪਾਸੇ ਕੇਂਦਰ ਖ਼ੁਦ ਉਧਾਰ ਲੈ ਕੇ ਰਾਜਾਂ ਨੂੰ ਵੰਡਣ ਦੇ ਹੱਕ ਵਿਚ ਨਹੀਂ ਹੈ।

ਮੀਟਿੰਗ ਵਿਚ ਕਾਂਗਰਸ ਤੇ ਹੋਰਨਾਂ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਵਾਲੇ ਰਾਜਾਂ ਨੂੰ ਸਾਫ ਕਿਹਾ ਗਿਆ ਹੈ ਕਿ ਨੁਕਸਾਨ ਪੂਰਤੀ ਲਈ ਉਨ੍ਹਾਂ ਨੂੰ ਕਰਜ਼ਾ ਲੈਣਾ ਪਵੇਗਾ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਕਾਨੂੰਨ ਮੁਤਾਬਕ ਕਿਸੇ ਵੀ ਸੂਬੇ ਨੂੰ ਨੁਕਸਾਨ ਪੂਰਤੀ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਤੇ ਇਹ ਕਹਿਣਾ ਗ਼ਲਤ ਹੈ ਕਿ ਜਿਨ੍ਹਾਂ ਰਾਜਾਂ ਨੇ ਕਰਜ਼ੇ ਦਾ ਬਦਲ ਨਹੀਂ ਚੁਣਿਆ, ਉਨ੍ਹਾਂ ਨੂੰ ਨੁਕਸਾਨ ਪੂਰਤੀ ਨਹੀਂ ਮਿਲੇਗੀ। ਜੀ ਐੱਸ ਟੀ ਕਾਨੂੰਨ ਬਣਾਉਣ ਵੇਲੇ ਕੋਰੋਨਾ ਵਰਗੀ ਮਾਹਮਾਰੀ ਦਾ ਪਤਾ ਨਹੀਂ ਸੀ, ਇਸ ਲਈ ਜੀ ਐੱਸ ਟੀ ਉੱਤੇ ਅਮਲ ਦੀ ਪ੍ਰਕਿਰਿਆ ਅਤੇ ਕੋਰੋਨਾ ਕਾਰਨ ਰਾਜਾਂ ਦੀ ਆਮਦਨ ਵਿਚ ਕੁੱਲ 2.35 ਲੱਖ ਕਰੋੜ ਰੁਪਏ ਕਮੀ ਦਾ ਅਨੁਮਾਨ ਹੈ, ਜਿਸ ਦੀ ਪੂਰਤੀ ਕੇਂਦਰ ਕਰੇਗਾ।

# ਹਾਥਰਸ ਕਾਂਡ: ਆਮ ਆਦਮੀ ਪਾਰਟੀ ਦੇ ਨੇਤਾ ਸੰਜੇ ਸਿੰਘ ਉੱਤੇ ਸਿਆਹੀ ਸੁੱਟੀ, ਪਥਰਾਅ ਹੋਇਆ



ਹਾਥਰਸ, 6 ਅਕਤੂਬਰ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਜ਼ਿਲਾ ਹਾਥਰਸ ਦੇ ਪਿੰਡ ਬੂਲਗੜ੍ਹੀ ਵਿੱਚ ਬਲਾਤਕਾਰ ਅਤੇ ਕੁੱਟ-ਮਾਰ ਦਾ ਸ਼ਿਕਾਰ ਹੋਣ ਪਿੱਛੋਂ ਪ੍ਰਾਣ ਤਿਆਗ ਗਈ ਲੜਕੀ ਦੇ ਪਰਿਵਾਰ ਨੂੰ ਮਿਲ ਕੇ ਮੁੜਦੇ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਉੱਤੇ ਅੱਜ ਸੋਮਵਾਰ ਨੂੰ ‘ਰਾਸ਼ਟਰੀ ਸਵਾਭੀਮਾਨ ਦਲ’ ਦੇ ਕਨਵੀਨਰ ਦੀਪਕ ਸ਼ਰਮਾ ਨੇ ਸਿਆਹੀ ਸੁੱਟ ਦਿੱਤੀ। ਪੁਲਿਸ ਨੇ ਦੀਪਕ ਸ਼ਰਮਾ ਨੂੰ ਗ੍ਰਿਫਤਾਰ ਕਰ ਲਿਆ, ਪਰ ਇਸ ਪਿੱਛੋਂ ਦੋਵਾਂ ਪਾਰਟੀਆਂ ਦੇ ਵਰਕਰ ਆਹਮੋ-ਸਾਹਮਣੇ ਆ ਗਏ ਅਤੇ ਆਪਸ ਵਿੱਚ ਪਥਰਾਅ ਹੋਣ ਨਾਲ ਹਾਈਵੇ ਉੱਤੇ ਜਾਮ ਲੱਗ ਗਿਆ।

ਪਤਾ ਲੱਗਾ ਹੈ ਕਿ ਉੱਤਰ ਪ੍ਰਦੇਸ਼ ਪੁਲਿਸ ਨੇ ਚੌਕਸੀ ਵਜੋਂ ਬੂਲਗੜ੍ਹੀ ਪਿੰਡ ਤੋਂ ਕਰੀਬ 500 ਮੀਟਰ ਪਹਿਲਾਂ ਰੋਕਾਂ ਲਾਈਆਂ ਹੋਈਆਂ ਸਨ। ਅੱਜ ਸੋਮਵਾਰ ਨੂੰ ਇੱਥੇ ਪੁੱਜੇ ਆਮ ਆਦਮੀ ਪਾਰਟੀ ਦੇ ਨੇਤਾ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ, ਦਿੱਲੀ ਸਰਕਾਰ ਦੇ ਮੰਤਰੀ ਰਾਜੇਂਦਰ ਪਾਲ ਗੌਤਮ, ਵਿਧਾਇਕ ਰਾਖੀ ਬਿੜਲਾ, ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੂੰ ਪ੍ਰਸ਼ਾਸਨਿਕ ਅਧਿਕਾਰੀ ਆਪਣੇ ਵਾਹਨਾਂ ਉੱਤੇ ਬੂਲਗੜ੍ਹੀ ਪਿੰਡ ਲੈ ਗਏ। ਓਥੇ ਮ੍ਰਿਤਕਾਂ ਦੇ ਪਰਿਵਾਰ ਨੂੰ ਮਿਲ ਕੇ ਮੁੜਦੇ ਸਮੇਂ ਸੰਜੇ ਸਿੰਘ ਜਦੋਂ ਬੈਰੀਕੇਡਿੰਗ ਉੱਤੇ ਮੀਡੀਆ ਨਾਲ ਗੱਲ ਕਰ ਰਹੇ ਸਨ ਤਾਂ ਦੀਪਕ ਸ਼ਰਮਾ ਨੇ ਉਨ੍ਹਾਂ ਉੱਤੇ ਸਿਆਹੀ ਸੁੱਟ ਦਿੱਤੀ, ਜਿਸ ਦੇ ਬਾਅਦ ਦੁਵੱਲਾ ਪਥਰਾਅ ਹੋ ਗਿਆ। ਸੰਜੇ ਸਿੰਘ ਨੇ ਮੀਡੀਆ ਨਾਲ ਗੱਲਬਾਤ ਵਿੱਚ ਕਿਹਾ ਕਿ ਯੋਗੀ ਆਦਿੱਤਿਆਨਾਤ ਦੇ ਰਾਜ ਵਿੱਚ ਧੀਆਂ ਦੀ ਇੱਜ਼ਤ ਸੁਰੱਖਿਅਤ ਨਹੀਂ ਹੈ ਅਤੇ ਆਮ ਆਦਮੀ ਪਾਰਟੀ ਮੰਗ ਕਰਦੀ ਹੈ ਕਿ ਹਾਥਰਸ ਗੈਂਗ ਰੇਪ ਦੀ ਜਾਂਚ ਸੁਪਰੀਮ ਕੋਰਟ ਦੀ ਨਿਗਰਾਨੀ ਵਿੱਚ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਤੋਂ ਜਾਂਚ ਕਰਵਾਈ ਜਾਵੇ। ਇਸ ਪਿੱਛੋਂ ਆਗਰਾ ਦੇ ਕਮਲਾ ਨਗਰ ਪੁੱਜੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਕਿਹਾ ਕਿ ਹਾਥਰਸ ਵਿੱਚ ਮੇਰੇ ਉੱਤੇ ਸਿਆਹੀ ਸੁੱਟਵਾ ਕੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਆਪਣੀਆਂ ਕਾਲੀਆਂ ਕਰਤੂਤਾਂ ਨੂੰ ਕਾਲੀ ਸਿਆਹੀ ਨਾਲ ਲੁਕਾਉਣ ਦਾ ਕੰਮ ਕੀਤਾ ਹੈ।

# ਸਾਊਦੀ ਅਰਬ ਵੱਲੋਂ ਤੁਰਕੀ ਦਾ ਬਾਈਕਾਟ



ਰਿਆਦ, 6 ਅਕਤੂਬਰ (ਪੋਸਟ ਬਿਊਰੋ)- ਸਾਊਦੀ ਅਰਬ ਨੇ ਆਪਣੇ ਨਾਗਰਿਕਾਂ ਨੂੰ ਤੁਰਕੀ ਦਾ ਬਾਈਕਾਟ ਕਰਨ ਨੂੰਕਿਹਾ ਹੈ, ਜਿਸ ਦਾ ਮਤਲਬ ਹੈ ਕਿ ਤੁਰਕੀ ਨਾਲ ਹਰ ਤਰ੍ਹਾਂ ਦਾ ਰਿਸ਼ਤਾ ਅਤੇ ਉਥੋਂ ਦੀਆਂ ਚੀਜ਼ਾਂ ਦਾ ਇਸਤੇਮਾਲ ਖਤਮ ਕਰਨ ਲਈ ਕਿਹਾ ਗਿਆ ਹੈ। ਇਸ ਦੌਰਾਨ ਇਜਰਾਈਲ ਨੇ ਨਾਟੋ ਨੂੰ ਕਿਹਾ ਹੈ ਕਿ ਉਹ ਤੁਰਕੀ ਦੀਆਂ ਹਰਕਤਾਂ ਉੱਤੇ ਲਗਾਮ ਲਾਏ, ਨਹੀਂ ਤਾਂ ਉਹ ਦੂਸਰੇ ਬਦਲਾਂ 'ਤੇ ਵਿਚਾਰ ਕਰਨ ਲਈ ਮਜਬੂਰ ਹੋਵੇਗਾ। ਸਾਊਦੀ ਅਰਬ ਦੇ ਚੈਂਬਰ ਆਫ ਕਾਮਰਸ ਦੇ ਮੁਖੀ ਅਜ਼ਲਾਨ ਅਲ ਅਜ਼ਲਾਨ ਨੇ ਟਵੀਟ ਕਰ ਕੇ ਤੁਰਕੀ ਦੀ ਹਰ ਚੀਜ਼ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ। ਇਹ ਬਾਈਕਾਟ ਉਥੋਂ ਦੀਆਂ ਚੀਜ਼ਾਂ ਦੀ ਇੰਪੋਰਟ, ਨਿਵੇਸ਼ ਤੇ ਸੈਲਾਨੀਆਂ ਬਾਰੇ ਵੀ ਹੋਵੇਗਾ ਤੇ ਇਸ ਵਿੱਚ ਦੇਸ਼ ਦੇ ਸਾਰੇ ਕਾਰੋਬਾਰੀਆਂ ਅਤੇ ਖਪਤਕਾਰਾਂ ਨੂੰ ਭਾਈਵਾਲੀ ਨਿਭਾਉਣੀ ਹੋਵੇਗੀ। ਇਹ ਫੈਸਲਾ ਤੁਰਕੀ ਸਰਕਾਰ ਵੱਲੋਂ ਸਾਊਦੀ ਅਰਬ ਅਤੇ ਸਾਊਦੀ ਅਗਵਾਈ ਨੂੰ ਨੀਵਾਂ ਦਿਖਾਉਣ ਵਾਲੇ ਬਿਆਨਾਂ ਤੇ ਹਰਕਤਾਂ ਦੇ ਕਾਰਨ ਲਿਆ ਗਿਆ ਹੈ, ਜਿਹੜਾ ਕਾਫੀ ਸਖਤ ਸਮਝਿਆ ਜਾ ਰਿਹਾ ਹੈ।

# ਨਿਊਜ਼ੀਲੈਂਡ ਦੁਨੀਆਂ ਦੇ ਸਭ ਤੋਂ ਤਾਕਤਵਰ ਪਾਸਪੋਰਟ ਵਾਲਾ ਦੇਸ਼ ਬਣਿਆ

ਆਕਲੈਂਡ, 6 ਅਕਤੂਬਰ (ਪੋਸਟ ਬਿਊਰੋ)- ਦੁਨੀਆਂ ਦੇ ਦੇਸ਼ਾਂ ਦੀ ਪਾਸ-ਪੋਰਟ ਰੈਂਕਿੰਗ ਵਿੱਚ ਨਿਊਜ਼ੀਲੈਂਡ ਦੇ ਪਾਸਪੋਰਟ ਨੇ ਪਹਿਲਾ ਸਥਾਨ ਹਾਸਲ ਕਰ ਲਿਆ ਅਤੇ ਦੁਨੀਆਂ ਦਾ ਸਭ ਤੋਂ ਤਾਕਤਵਰ ਪਾਸਪੋਰਟ ਕਹਾਉਣ ਦਾ ਮਾਣ ਹਾਸਲ ਕੀਤਾ ਹੈ। ਪਾਸਪੋਰਟ ਰੈਂਕਿੰਗ ਸੂਚੀ 'ਚ ਨਿਊਜ਼ੀਲੈਂਡ ਨੇ ਜਾਪਾਨ ਨੂੰ ਪਛਾੜ ਕੇ ਇਹ ਥਾ ਬਣਾਇਆ ਹੈ।




ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ ਸਮੇਂ ਪਹਿਲੇ ਨੰਬਰ 'ਤੇ ਕੇਵਲ ਨਿਊਜ਼ੀਲੈਂਡ ਇਕੱਲਾ ਕਾਬਜ਼ ਹੈ। ਸੂਚੀ ਦੇ ਪ੍ਰਮੁੱਖ ਦੇਸ਼ਾਂ ਦੇ ਨਾਵਾਂ ਵਿੱਚ ਪਹਿਲੇ ਥਾਂ ਉਤੇ ਨਿਊਜ਼ੀਲੈਂਡ, ਦੂਜੇ ਥਾਂ ਜਰਮਨੀ, ਆਸਟ੍ਰੇਲੀਆ, ਜਾਪਾਨ, ਸਵਿਟਜ਼ਰਲੈਂਡ, ਸਾਊਥ ਕੋਰੀਆ ਅਤੇ ਆਇਰਲੈਂਡ ਹਨ। ਤੀਜੇ ਥਾਂ ਸਵੀਡਨ, ਫਰਾਂਸ ਇਟਲੀ, ਸਪੇਨ, ਫਿਨਲੈਂਡ ਅਤੇ ਚੌਥੇ ਸਥਾਨ ਉਤੇ ਕੈਨੇਡਾ, ਡੈਨਮਾਰਕ, ਬ੍ਰਿਟੇਨ,ਨਾਰਵੇ ਅਤੇ ਨੀਦਰਲੈਂਡ ਹਨ। ਦੁਨੀਆਂ ਵਿੱਚ ਸੁਪਰ ਪਾਵਰ ਮੰਨਿਆ ਜਾਂਦਾ ਅਮਰੀਕਾ ਇਸ ਸੂਚੀ ਵਿੱਚ 21ਵੇਂ ਨੰਬਰ ਉਤੇ ਅਤੇ ਭਾਰਤ 58ਵੇਂ, ਚੀਨ 47ਵੇਂ ਅਤੇ ਪਾਕਿਸਤਾਨ 70ਵੇਂ ਸਥਾਨ ਉਤੇ ਹੈ।

ਕੋਵਿਡ-19 ਦੌਰਾਨ ਜਿਵੇਂ ਨਿਊਜ਼ੀਲੈਂਡ ਨੇ ਕੋਰੋਨਾ ਨੂੰ ਕਾਬੂ ਕੀਤਾ ਸੀ, ਉਸ ਪਿੱਛੋਂ ਨਿਊਜ਼ੀਲੈਂਡ ਵਿੱਚ ਪੱਕੇ ਤੌਰ 'ਤੇ ਆ ਕੇ ਰਹਿਣ ਦੇ ਚਾਹਵਾਨਾਂ ਦੀ ਗਿਣਤੀ 'ਚ ਵੀ ਵੱਡਾ ਵਾਧਾ ਹੋਇਆ ਹੈ।

# ਹੈਪੇਟਾਈਟਸ-ਸੀ ਵਾਇਰਸ ਦੀ ਖੋਜ ਲਈ ਤਿੰਨ ਜਣਿਆਂ ਨੂੰ ਨੋਬੇਲ ਐਵਾਰਡ



ਸਟਾਕਹੋਮ, 6 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਵਿਗਿਆਨੀ ਹਾਰਵੇ ਜੇ ਆਲਟਰ ਅਤੇ ਬ੍ਰਿਟੇਨ ਦੇ ਵਿਗਿਆਨੀ ਮਾਈਕਲ ਹਫਟਨ ਚਾਰਲਸ ਅਤੇ ਐਮ ਰਾਈਸ ਨੂੰ ਹੈਪੇਟਾਈਟਸ-ਸੀ ਵਾਇਰਸ ਦੀ ਖੋਜ ਕਰਨ ਲਈ ਮੈਡੀਕਲ ਖੇਤਰ ਦੇ ਨੋਬੇਲ ਇਨਾਮ ਲਈ ਚੁਣਿਆ ਗਿਆ ਹੈ।

ਨੋਬੇਲ ਐਵਾਰਡਸ ਕਮੇਟੀ ਨੇ ਸਟਾਕਹੋਮ ਵਿਚ ਇਸ ਦਾ ਐਲਾਨ ਕਰਦੇ ਹੋਏ ਕਿਹਾ ਕਿ ਤਿੰਨਾਂ ਵਿਗਿਆਨੀਆਂ ਦੀ ਖੋਜ ਅਨੁਸਾਰ ਖ਼ੂਨ ਨਾਲ ਹੋਣ ਵਾਲੇ ਹੈਪੇਟਾਈਟਸ ਇਨਫੈਕਸ਼ਨ ਦੇ ਪ੍ਰਮੁੱਖ ਸਰੋਤ ਦਾ ਪਤਾ ਲੱਗਾ ਹੈ, ਜਿਸ ਬਾਰੇ ਪਹਿਲਾਂ ਤਲਾਸ਼ੇ ਗਏ ਹੈਪੇਟਾਈਟਸ-ਏ ਅਤੇ ਬੀ ਵਿਸ਼ਾਣੂਆਂ ਤੋਂ ਪਤਾ ਨਹੀਂ ਲੱਗ ਸਕਿਆ ਸੀ। ਕਮੇਟੀ ਨੇ ਕਿਹਾ ਕਿ 1970 ਅਤੇ 1980 ਦੇ ਦਹਾਕਿਆਂ ਵਿੱਚ ਕੀਤੀ ਉਨ੍ਹਾਂ ਦੀ ਖੋਜ ਨਾਲ ਲੱਖਾਂ ਲੋਕਾਂ ਦੀ ਜਾਨ ਬਚਾਉਣ ਵਿੱਚ ਮਦਦ ਮਿਲੀ ਹੈ। ਨੋਬੇਲ ਕਮੇਟੀ ਦੇ ਅਨੁਸਾਰਉਨ੍ਹਾਂ ਦੀ ਖੋਜ ਦਾ ਸਿੱਟਾ ਹੈ ਕਿ ਅੱਜ ਵਾਇਰਸ ਬਾਰੇ ਬਹੁਤ ਹੀ ਸਹੀ ਨਤੀਜੇ ਦੇਣ ਵਾਲੀ ਖ਼ੂਨ ਜਾਂਚ ਪ੍ਰੀਕਿਰਿਆ ਮੌਜੂਦ ਹੈ ਅਤੇ ਇਸ ਨਾਲ ਦੁਨੀਆ ਭਰ ਦੇ ਅਨੇਕ ਹਿੱਸਿਆਂ ਵਿੱਚ ਖ਼ੂਨ ਚੜ੍ਹਾਉਣ ਦੇ ਕਾਰਨ ਹੈਪੇਟਾਈਟਸ ਇਨਫੈਕਸ਼ਨ ਨੂੰ ਰੋਕਿਆ ਜਾ ਸਕਦਾ ਹੈ ਅਤੇ ਸੰਸਾਰਕ ਪੱਧਰ 'ਤੇ ਸਿਹਤ ਸਬੰਧੀ ਵਿਆਪਕ ਸੁਧਾਰ ਹੋਇਆ ਹੈ।

# ਕੋਰੋਨਾ ਦਾ ਇਲਾਜ ਕਰਵਾ ਰਹੇ ਅਮਰੀਕੀ ਰਾਸ਼ਟਰਪਤੀ ਟਰੰਪ ਦੀ ਸਿਹਤ ਵਿੱਚ ਸੁਧਾਰ

ਵਾਸ਼ਿੰਗਟਨ, 6 ਅਕਤੂਬਰ, (ਪੋਸਟ ਬਿਊਰੋ)- ਇੱਕ ਮਿਲਟਰੀ ਹਸਪਤਾਲ ਵਿੱਚੋਂ ਕੋਵਿਡ-19 ਦਾ ਇਲਾਜ ਕਰਵਾ ਰਹੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਿਹਤ ਵਿੱਚ ਸੁਧਾਰ ਦੱਸਿਆ ਜਾ ਰਿਹਾ ਹੈ। ਇਕ ਦਿਨ ਪਹਿਲਾਂ ਉਹ ਕੁਝ ਦੇਰ ਲਈ ਗੱਡੀ ਵਿਚ ਬੈਠ ਕੇ ਬਾਹਰ ਨਿਕਲੇ ਅਤੇ ਸਮਰਥਕਾਂ ਦਾ ਸਲਾਮ ਕਬੂਲ ਕੀਤਾ ਹੈ।



ਵ੍ਹਾਈਟ ਹਾਊਸ ਦੇ ਅਧਿਕਾਰੀਆਂ ਮੁਤਾਬਕ ਵਾਲਟਰ ਰੀਡ ਨੈਸ਼ਨਲ ਮਿਲਟਰੀ ਮੈਡੀਕਲ ਸੈਂਟਰ ਵਿਚ ਤਿੰਨ ਰਾਤਾਂ ਗੁਜ਼ਾਰਨ ਪਿੱਛੋਂ ਟਰੰਪ ਛੁੱਟੀ ਲਈ ਕਾਹਲੇ ਹਨ। ਡਾਕਟਰਾਂ ਨੇ ਕਿਹਾ ਸੀ ਕਿ ਪਿਛਲੇ ਦਿਨਾਂ ਵਿਚ ਅਚਨਾਕ ਦੋ ਵਾਰ ਉਨ੍ਹਾਂ ਦੀ ਆਕਸਜੀਨ ਦਾ ਪੱਧਰ ਹੇਠਾਂ ਆ ਗਿਆ ਸੀ ਤੇ ਉਨ੍ਹਾਂ ਨੂੰ ਅਜਿਹਾ ਐਸਟ੍ਰਾਇਡ ਦਿੱਤਾ ਗਿਆ ਹੈ, ਜਿਸ ਨੂੰ ਵੱਧ ਬੀਮਾਰ ਵਿਅਕਤੀ ਨੂੰ ਦਿੱਤੇ ਜਾਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਉਸ ਤੋਂ ਬਾਅਦ ਵੀ ਡਾਕਟਰਾਂ ਨੇ ਕਿਹਾ ਕਿ ਟਰੰਪ ਦੀ ਸਿਹਤ ਵਿਚ ਸੁਧਾਰ ਹੋ ਰਿਹਾ ਹੈ ਅਤੇ ਉਨ੍ਹਾਂ ਨੂੰ ਛੇਤੀ ਛੁੱਟੀ ਦਿੱਤੀ ਜਾ ਸਕਦੀ ਹੈ, ਬਾਕੀ ਇਲਾਜ ਵ੍ਹਾਈਟ ਹਾਊਸ ਵਿਚ ਹੋਵੇਗਾ।

ਵਰਨਣ ਯੋਗ ਹੈ ਕਿ ਵ੍ਹਾਈਟ ਹਾਊਸ ਦੇ ਚੀਫ ਆਫ ਸਟਾਫ ਮਾਰਕ ਮੀਡੋਸ ਨੇ ਸੋਮਵਾਰ ਫਾਕਸ ਨਿਊਜ਼ ਨੂੰ ਕਿਹਾ ਹੈ ਕਿ ਇਹ ਅਹਿਮ ਦਿਨ ਹੈ, ਕਿਉਂਕਿ ਰਾਸ਼ਟਰਪਤੀ ਦੀ ਸਿਹਤ ਵਿਚ ਸੁਧਾਰ ਜਾਰੀ ਹੈ ਤੇ ਉਹ ਆਮ ਕੰਮਕਾਜ ਵਾਸਤੇ ਪਰਤਣ ਲਈ ਤਿਆਰ ਹਨ। ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਰੈਮਡੇਸਿਵਰ ਥੈਰੇਪੀ ਦਿਤੀ ਗਈ ਹੈ। ਵ੍ਹਾਈਟ ਹਾਊਸ ਦੇ ਇਕ ਡਾਕਟਰ ਮੁਤਾ-ਬਕ ਰੈਮਡੇਸਿਵਰ ਦਵਾਈ ਦੀਆਂ 3 ਡੋਜ਼ ਦਿੱਤੀਆਂ ਗਈਆਂ ਅਤੇ ਰਾਸ਼ਟਰਪਤੀ ਉੱਤੇ ਇਸ ਦਵਾਈ ਦਾ ਅਸਰ ਹੋ ਰਿਹਾ ਹੈ ਅਤੇ ਉਮੀਦ ਹੈ ਕਿ ਉਹ ਜਲਦੀ ਰਿਕਵਰ ਹੋ ਜਾਣਗੇ।

# ਪਾਕਿ ਦਾ ਸਾਬਕਾ ਰਾਸ਼ਟਰਪਤੀ ਜ਼ਰਦਾਰੀ ਭ੍ਰਿਸ਼ਟਾਚਾਰ ਦੇ ਕੇਸ ਦਾ ਦੋਸ਼ੀ ਕਰਾਰ



ਇਸਲਾਮਾਬਾਦ, 6 ਅਕਤੂਬਰ, (ਪੋਸਟ ਬਿਊਰੋ)- ਪਾਕਿਸਤਾਨ ਦੀ ਭ੍ਰਿਸ਼ਟਾਚਾਰ ਰੋਕੂ ਅਦਾਲਤ ਨੇ ਸਾਬਕਾ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੂੰ ਪਾਰਕਲੇਨ ਤੇ ਥਾਟਾ ਜਲ ਸਪਲਾਈ ਕੇਸ ਵਿੱਚ ਦੋਸ਼ੀ ਠਹਿਰਾਇਆ ਹੈ। ਫ਼ੈਸਲਾ ਸੁਣਾਏ ਜਾਣ ਵੇਲੇ ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਦੇ ਸਹਿ ਪ੍ਰਧਾਨ ਜ਼ਰਦਾਰੀ ਇਸਲਾਮਾਬਾਦ ਦੀ ਅਦਾਲਤ ਵਿਚ ਖੁਦ ਵੀ ਮੌਜੂਦ ਸਨ। ਅਦਾਲਤ ਨੇ ਪਾਰਕਲੇਨ ਕੇਸ ਵਿਚ 19 ਹੋਰ ਦੋਸ਼ੀਆਂ ਤੇ ਥਾਟਾ ਜਲ ਸਪਲਾਈ ਕੇਸ ਵਿਚ 15 ਹੋਰਨਾਂ ਨੂੰ ਵੀ ਦੋਸ਼ੀ ਠਹਿਰਾਇਆ ਹੈ। ਪਿਛਲੇ ਹਫ਼ਤੇ ਅਦਾਲਤ ਨੇ ਮੈਗਾ ਮਨੀ ਲਾਂਡਰਿੰਗ ਕੇਸ ਵਿਚ ਆਸਿਫ ਅਲੀ ਜ਼ਰਦਾਰੀ ਤੇ ਉਨ੍ਹਾਂ ਦੀ ਭੈਣ ਫਰਿਆਲ ਤਾਲਪੁਰ ਨੂੰ ਦੋਸ਼ੀ ਕਰਾਰ ਦਿੱਤਾ ਸੀ।

ਵਰਨਣ ਯੋਗ ਹੈ ਕਿ ਪਾਰਕਲੇਨ ਕੇਸ ਵਿਚ ਆਸਿਫ ਅਲੀ ਜ਼ਰਦਾਰੀ ਅਤੇ ਉਨ੍ਹਾਂ ਦੇ ਪੁੱਤਰ ਬਿਲਾਵਲ ਭੁੱਟੋ ਉੱਤੇ ਇਸਲਾਮਾਬਾਦ ਦੇ ਪੌਸ਼ ਇਲਾਕੇ ਵਿਚ ਬਹੁਤ ਜ਼ਿਆਦਾ ਘੱਟ ਕੀਮਤ ਉੱਤੇ 2,460 ਕਨਾਲ ਜ਼ਮੀਨ ਖ਼ਰੀਦਣ ਦਾ ਦੋਸ਼ ਹੈ। ਇਸ ਦੇ ਨਾਲ ਥਾਟਾ ਜਲ ਸਪਲਾਈ ਕੇਸ ਵਿਚ ਨਿਯਮਾਂ ਨੂੰ ਲਾਂਭੇ ਕਰ ਕੇ ਇਕ ਠੇਕੇਦਾਰ ਨੂੰ ਪ੍ਰਾਜੈਕਟ ਦਾ ਠੇਕਾ ਦੇਣ ਦਾ ਵੀ ਦੋਸ਼ ਹੈ। ਅਦਾਲਤ ਨੇ ਜ਼ਰਦਾਰੀ ਦੀ ਤਿੰਨਾਂ ਕੇਸਾਂ ਵਿਚ ਬਰੀ ਕਰਨ ਦੀ ਪਟੀਸ਼ਨ ਰੱਦ ਕਰ ਦਿੱਤੀ ਹੈ। ਪਾਕਿਸਤਾਨ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੇ ਪਤੀ ਆਸਿਫ ਅਲੀ ਜ਼ਰਦਾਰੀ ਨੂੰ ਪਿਛਲੇ ਸਾਲ ਹੀ ਕੌਮੀ ਜਵਾਬਦੇਹੀ ਬਿਊਰੋ (ਐੱਨ ਏ ਬੀ) ਨੇ ਗ੍ਰਿਫ਼ਤਾਰ ਕੀਤਾ ਸੀ ਅਤੇ ਦਸੰਬਰ ਵਿਚ ਡਾਕਟਰੀ ਆਧਾਰ ਉੱਤੇ ਰਿਹਾਅ ਕੀਤੇ ਜਾਣ ਤੋਂ ਪਹਿਲਾਂ ਕਈ ਮਹੀਨਿਆਂ ਤਕ ਜਾਂਚ ਕੀਤੀ ਗਈ ਸੀ।

# ਮੰਗੋਲੀਅਨ ਭਾਸ਼ਾ 'ਤੇ ਪਾਬੰਦੀ ਖ਼ਿਲਾਫ਼ ਚੀਨ ਵਿੱਚ ਰੋਸ ਪ੍ਰਦਰਸ਼ਨ



ਪੇਈਚਿੰਗ, 6 ਅਕਤੂਬਰ (ਪੋਸਟ ਬਿਊਰੋ)- ਮੰਗੋਲੀਅਨ ਭਾਸ਼ਾ ਹੌਲੀ-ਹੌਲੀ ਇਨਰ ਮੰਗੋਲੀਅਨ ਦੇ ਆਸਪਾਸ ਦੇ ਸਕੂਲਾਂ ਵਿੱਚ ਚੀਨੀ ਭਾਸ਼ਾ ਵਿੱਚ ਬਦਲ ਦੇਣ ਦਾ ਐਲਾਨ ਪਿੱਛੋਂ ਉਤਰੀ ਚੀਨ ਵਿੱਚ ਹਜ਼ਾਰਾਂ ਲੋਕ ਮੰਗੋਲੀਅਨ ਨੀਤੀਆਂ ਦੇ ਬਾਰੇ ਰੋਸ ਪ੍ਰਗਟ ਕਰਨ ਲਈ ਕੱਲ੍ਹ ਸਕੂਲਾਂ ਦੇ ਬਾਹਰ ਇਕੱਠੇ ਹੋਏ ਅਤੇ ਆਪਣੀ ਹੋਂਦ ਵਿਖਾਈ ਹੈ।

ਇਸ ਸੰਬੰਧ ਵਿੱਚ ਡਾਗੁਲਾ ਨੇ ਕਿਹਾ ਕਿ ਜੇ ਅਸੀਂ ਚੀਨੀ ਭਾਸ਼ਾ ਵਿੱਚ ਪੜ੍ਹਨਾ ਸਵੀਕਾਰ ਕਰ ਲੈਂਦੇ ਹਾਂ ਤਾਂ ਸਾਡੀ ਮੰਗੋਲੀਅਨ ਭਾਸ਼ਾ ਅਸਲ ਵਿੱਚ ਮਰ ਹੀ ਜਾਵੇਗੀ। ਸੋਸ਼ਲ ਮੀਡੀਆ ਉੱਤੇ ਸ਼ੇਅਰ ਕੀਤੀਆਂ ਤਸਵੀਰਾਂ ਵਿੱਚ ਬੱਚਿਆਂ ਦੇ ਵਾਰਸਾਂ ਅਤੇ ਵਿੱਦਿਆਰਥੀਆਂ ਦੀ ਭੀੜ ਸਕੂਲ ਦੇ ਬਾਹਰ ਮੰਗੋਲੀਅਨ ਭਾਸ਼ਾ ਬਾਰੇ ਸਰਕਾਰ ਦੇ ਵਿਰੁੱਧ ਵਿੱਚ ਨਾਰੇ ਲਾ ਰਹੀ ਹੈ।ਇੱਕ ਵੀਡੀਓ ਵਿੱਚ ਇੱਕ ਔਰਤ ਨੇ ਸਿਲੇਬਸ ਦੀ ਕਿਤਾਬ ਦੇ ਪੰਨਿਆਂ ਵਿੱਚ ਮੰਗੋਲੀਅਨ ਭਾਸ਼ਾ ਦੀ ਅਨਹੋਂਦਵਿਖਾਈ ਹੈ। ਦੂਸਰੇ ਪਾਸੇ ਨੀਲੀ ਅਤੇ ਸਫੈਦ ਵਰਦੀ ਵਿੱਚ ਵਿੱਦਿਆਰਥੀ ਕਹਿ ਰਹੇ ਹਨ ਕਿ ਮੰਗੋਲੀਅਨ ਸਾਡੀ ਮਾਂ ਬੋਲੀ ਹੈ, ਅਸੀਂ ਮੌਤ ਤੱਕ ਮੰਗੋਲੀਅਨ ਹਾਂ! ਉਂਜ ਕੱਲ੍ਹ ਦੁਪਹਿਰ ਤੱਕ ਚੀਨੀ ਸੋਸ਼ਲ ਮੀਡੀਆ ਸਾਈਟਾਂ ਤੋਂ ਕਈ ਪੋਸਟ ਗਾਇਬ ਹੋ ਗਈਆਂ ਸਨ ਅਤੇਲੋਕਾਂ ਨੇ ਕਿਹਾ ਕਿ ਜਦੋਂ ਅਸੀਂ ਟੈਲੀਵਿਜਨ ਚਾਲੂ ਕਰਦੇ ਹਾਂ ਤਾਂ ਸਭ ਕੁਝ ਚੀਨੀ ਭਾਸ਼ਾ ਵਿੱਚ ਹੁੰਦੇ ਹਨ ਅਤੇ ਇਥੋਂ ਤੱਕ ਕਿ ਕਾਰਟੂਨ ਵੀ ਚੀਨੀ ਭਾਸ਼ਾ ਵਿੱਚ ਹੁੰਦਾ ਹੈ।



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!

DUNDAS·JAFINE

## HELP WANTED

### ਕਾਮਿਆਂ ਦੀ ਲੋੜ

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

| | |
|---|---|
| 40k | $10,000 Submitted with offer |
| Deposit | $10,000 Submitted 90 days after Offer Date |
| Structure | $20,000 Submitted 150 days after Offer Date |

Jagdish Grewal
Sales Representative

Residential | Commercial | Investment
(416) 970-5005

Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

A/Z CITY DRIVER
## WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!

Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

### CELLNTELL DISTRIBUTION INC
### 1-401 Traders Blvd E, Mississauga. ON

Requires F/T Permanent Position. "General Manager Financial Communication and Services to do the following:

- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

**Salary: $58 per hour with 35hrs week, Experience:5 yrs, Bachelor's Degree (Required) with English Proficiency.**
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 416-822-2590
Ants, Wasp, Centepede, Fleas, Bed Bugs

You can Place Your Business Here
(905)793-2202
To Reach Wider Audience



# Matrimonial

Marriage
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਵਿਦਾਸ ਲੜਕਾ, ਉੱਮਰ 27 ਸਾਲ, ਕੱਦ 6'2'', ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਜੱਟ ਸਿਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਲੜਕਾ ਪਹਿਲਾਂ ਸ਼ਾਦੀਸ਼ੁਦਾ ਸੀ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੋਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

ਜੱਟ ਸਿੱਖ ਲੜਕੀ, ਕੱਦ 5 ਫੁੱਟ 3 ਇੰਚ, ਜਨਮ 1989, ਬੀ.ਐਡ., ਐਮ.ਏ ਈਕੋਨਾਮਿਕਸ, ਆਈਲੈਟਸ 'ਚ 6.5 ਬੈਂਡਜ਼ ਇਨ ਜਨਰਲ, ਜੋ ਕਿ 6 ਸਾਲ ਦਾ ਪੜ੍ਹਾਉਣ ਦਾ ਤਜਰਬਾ ਰੱਖਦੀ ਹੈ ਅਤੇ ਭਾਰਤ 'ਚ ਰਹਿ ਰਹੀ ਹੈ, ਲਈ ਕੈਨੇਡੀਅਨ ਪੀ.ਆਰ., ਸਪਾਂਸਰਸ਼ਿਪ, ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਭੈਣ ਕੈਨੇਡਾ ਵੈੱਲ ਸੈਟਲਡ ਹੈ। ਸੰਪਰਕ:- ਭਾਰਤ- 95925-26284, ਕੈਨੇਡਾ- 403-804-9345

ਲੁਬਾਣਾ ਸਿਖ ਪਰਿਵਾਰ, ਉਮਰ 26 ਸਾਲ, ਕੱਦ 5'5'', ਕੈਨੇਡੀਅਨ ਯੂਨੀਵਰਸਿਟੀ ਤੋਂ ਬੀ ਐਸ ਸੀ ਡੀਗਰੀ ਪ੍ਰਾਪਤ ਕੀਤੀ ਹੈ ਅਤੇ ਆਪਣੀ ਫੀਲਡ ਵਿਚ ਹੀ ਚੰਗੀ ਜੋਬ ਕਰ ਰਹੀ ਹੈ ਲਈ ਚੰਗੇ, ਯੋਗ ਅਤੇ ਪੜੇ ਲਿਖੇ ਲੜਕੇ ਦੀ ਲੋੜ ਹੈ। ਜੀ ਟੀ ਏ ਨੂੰ ਪਹਿਲ। ਕਾਲ ਕਰੋ : 647-938-9464

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5'-5'', MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Match for a Jat Sikh girl 26, 5'5'' BBA (Accounting) Canada, Accountant, PR in process. Vegetarians preferred. Contact; gb.bhandal@gmail.com

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'5'', ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

## UPPAL LAW

AVTAR UPPAL
Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters

AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call For FREE Estimate
7 Days A Week
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com




**FRESH & LARGE VARIETY**

Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017








Residential
Commercial
Investment

Century 21
President Realty Inc
Brokerage*
Independently Owned and Operated.
Grewalhomes.com

# NEW CONDOS COMING SOON

Beautiful nature, luxurious amenities, a rooftop lifestyle park, close to urban conveniences, in vibrant downtown Mississauga.

**Starting From $440,900**

## FREE ASSIGNMENT

PERMISSION TO LEASE DURING OCCUPANCY
CAPPED DEVELOPMENT CHARGERS

**QUICK FACTS**

Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

**EXTENDED DEPOSIT STRUCTURE**

$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



**Jagdish Grewal**
Sales Representative
416 877-6464
or E-mail Jagdish@grewalhomes.com

